# ਜੀਵਨ ਸੰਗਰਾਮ

## (ਸ਼ਹੀਦ ਉੱਤਮ ਸਿੰਘ ਹਾਂਸ)

ਲੇਖਕ ਹਰੀ ਸਿੰਘ ਢੁੱਡੀਕੇ



1

# ਜੀਵਨ ਸੰਗਰਾਮ

(ਸ਼ਹੀਦ ਉੱਤਮ ਸਿੰਘ ਹਾਂਸ)

2

*ਇਸੇ ਕਲਮ ਤੋਂ:*

1. ਕੰਡੇਦਾਰ ਝਾੜੀਆਂ (ਨਾਵਲ) 2004
2. ਸ਼ੂਕਦਾ ਦਰਿਆ (ਨਾਵਲ) 2007
3. ਕੋਟਲਾ ਛਪਾਕੀ (ਬਾਲ ਕਾਵਿ-ਸੰਗ੍ਰਹਿ) 2009
4. ਜ਼ਿੰਦਗੀ ਜਿਉਣਾ ਲੋੜਦੀ ਹੈ (ਨਾਵਲ) 2011
5. ਹਿੰਮਤੀ ਬੱਚੇ (ਬਾਲ-ਨਾਵਲ) 2011
6. ਗ਼ਦਰੀ ਸੂਰਬੀਰ - (ਇਤਿਹਾਸਕ ਨਾਵਲ) 2012
7. ਜੀਵਨ ਸੰਗਰਾਮ ਗ਼ਦਰੀ ਬਾਬਾ ਪਾਲਾ ਸਿੰਘ ਢੁੱਡੀਕੇ (ਜੀਵਨੀ) 2013
8. ਮਹਿੰਗੇ ਮੁੱਲ ਦਾ ਮੋਤੀ (ਇਤਿਹਾਸਕ ਨਾਵਲ) 2014
9. ਗ਼ਦਰੀ ਗੁਲਾਬ ਕੌਰ (ਇਤਿਹਾਸਕ ਨਾਵਲ) 2014
10. ਓਛਾ ਜਨਮੁ ਹਮਾਰਾ (ਸਮਾਜਿਕ ਨਾਵਲ) 2015
11. ਗ਼ਦਰ ਦਾ ਸਿਰਨਾਵਾਂ ਸ਼ਹੀਦ ਕਰਤਾਰ ਸਿੰਘ ਸਰਾਭਾ (ਇਤਿਹਾਸਕ ਨਾਵਲ) 2016
12. ਇਤਿਹਾਸਕ ਪਿੰਡ ਢੁੱਡੀਕੇ (2017)

# ਜੀਵਨ ਸੰਗਰਾਮ

## (ਸ਼ਹੀਦ ਉੱਤਮ ਸਿੰਘ ਹਾਂਸ)

ਹਰੀ ਸਿੰਘ ਢੁੱਡੀਕੇ

5 ਆਬ
ਪ੍ਰਕਾਸ਼ਨ, ਜਲੰਧਰ

5

# Jivan Sangram

## (Shahid Utam Singh Haans)

*by*

**_Hari Singh Dhudike_**
V.P.O. Dhudike
Teh. + Distt. Moga (Punjab)
Mob- 94178-55876

© ਲੇਖਕ

ਪਹਿਲੀ ਵਾਰ : 2017

ਮੁੱਲ: 100 ਰੁਪਏ

**5 ਆਬ ਪ੍ਰਕਾਸ਼ਨ**
1, 2-ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫ਼ੋਨ: 98140-87063
*5aabparkashan@gmail.com, www. 5aabparkashan.com*

*ਟਾਈਪ ਸੈਟਿੰਗ : ਵੈਕ ਕੰਪਿਊਟਰਜ਼ ਜਲੰਧਰ, ਫ਼ੋਨ : 98140-87063*

*ਪ੍ਰਿੰਟਰਜ਼: 5ਆਬ ਪ੍ਰਿੰਟਰਜ਼, ਜਲੰਧਰ*

# ਸਮਰਪਿਤ

ਅਜੋਕੀ ਨੌਜੁਆਨ ਪੀੜ੍ਹੀ ਦੇ ਨਾਂ

6

# ਤਰਤੀਬ


- ਦੋ ਸ਼ਬਦ ਮੇਰੇ ਵੱਲੋਂ 08
- 19ਵੀਂ ਸਦੀ ਦਾ ਪਿਛਲਾ ਪੱਖ 11
- ਜਨਮ ਤੇ ਮੁਢਲਾ ਜੀਵਨ 14
- ਬਦਲਦੇ ਹਾਲਾਤ ਤੇ ਉੱਤਮ ਸਿੰਘ ਹਾਂਸ 17
- ਉੱਤਮ ਸਿੰਘ ਹਾਂਸ ਗ਼ਦਰ ਪਾਰਟੀ ਵਿਚ ਸ਼ਾਮਲ 20
- ਭਾਈ ਭਗਵਾਨ ਸਿੰਘ ਨਾਲ ਕੈਨੇਡਾ ਸਰਕਾਰ ਦੀ ਧੱਕੇਸ਼ਾਹੀ 22
- ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ 24
- ਵਤਨ ਵਾਪਸੀ 27
- ਜਦੋਂ ਉੱਤਮ ਸਿੰਘ ਹਾਂਸ ਪੰਜਾਬ ਪਹੁੰਚੇ 30
- ਉੱਤਮ ਸਿੰਘ ਆਪਣੇ ਘਰ ਆਇਆ 33
- ਉੱਤਮ ਸਿੰਘ ਗ਼ਦਰ ਪਾਰਟੀ ਵਿਚ ਹੋਰ ਸਰਗਰਮ 36
- ਪਾਰਟੀ ਦੀ ਨਵੀਂ ਸਰਗਰਮੀ 39
- ਪਿੰਡ ਗੁੱਜਰਵਾਲ ਦਾ ਧਾਰਮਿਕ ਸਮਾਗਮ 42

- ਫਿਰੋਜ਼ਪੁਰ ਛਾਉਣੀ ਉਤੇ ਹਮਲੇ ਦੀ ਤਿਆਰੀ 44
- ਦੁਰਾਹੇ ਦੀ ਘਟਨਾ 47
- ਕਤਲ ਇਕ ਜ਼ੈਲਦਾਰ ਦਾ 49
- ਪਿੰਡ ਢੁੱਡੀਕੇ ਦੀ ਇਕ ਵਿਸ਼ੇਸ਼ ਮੀਟਿੰਗ 51
- ਵੱਲਾ ਪੁਲ ਦਾ ਸਾਕਾ 53
- ਉੱਤਮ ਸਿੰਘ ਹਾਂਸ ਰੂਪੋਸ਼ 56
- ਉੱਤਮ ਸਿੰਘ ਹਾਂਸ ਗ੍ਰਿਫ਼ਤਾਰ 58
- ਉੱਤਮ ਸਿੰਘ ਹਾਂਸ ਲਾਹੌਰ ਜੇਲ੍ਹ ਵਿਚ 62
- ਪਹਿਲਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ 66
- ਪਹਿਲਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਅਧੀਨ ਸਜ਼ਾਵਾਂ 69
- ਮਹਾਨ ਦੇਸ਼ ਭਗਤ 72
- ਘਰ ਪਰਿਵਾਰ ਦਾ ਮੰਦੜਾ ਹਾਲ 73
- ਗ਼ਦਰ ਪਾਰਟੀ ਦਾ ਪ੍ਰੋਗਰਾਮ, ਕੁਝ ਸ਼ਬਦ 74
- ਉੱਤਮ ਸਿੰਘ ਹਾਂਸ ਨਿਧੜਕ ਯੋਧਾ 75
- ਅਣਗੌਲੇ ਕੀਤੇ ਗਏ ਗ਼ਦਰੀ ਦੇਸ਼ ਭਗਤ 76
- ਸ਼ਹੀਦ ਨੂੰ ਨਹੀਂ ਭੁਲਾਇਆ ਪਿੰਡ ਦੇ ਲੋਕਾਂ ਨੇ 78

# ਦੋ ਸ਼ਬਦ ਮੇਰੇ ਵੱਲੋਂ

ਪਿਛਲੇ ਸਾਲ ਮਾ: ਸਾਧੂ ਸਿੰਘ ਹਾਂਸ ਤੇ ਜਗਤਾਰ ਸਿੰਘ ਹਾਂਸ (ਪੋਤਰਾ ਗ਼ਦਰੀ ਸ਼ਹੀਦ ਬਾਬਾ ਉੱਤਮ ਸਿੰਘ ਹਾਂਸ) ਮੇਰੇ ਘਰ ਢੁੱਡੀਕੇ ਆ ਕੇ ਸ਼ਹੀਦ ਉਤਮ ਸਿੰਘ ਹਾਂਸ ਦੇ ਸ਼ਹੀਦੀ ਦਿਨ ਉੱਤੇ ਹਾਂਸ ਕਲਾਂ ਪਿੰਡ ਆਉਣ ਲਈ ਸੱਦਾ ਦੇ ਕੇ ਗਏ। ਮੈਂ 18 ਜੂਨ ਨੂੰ ਹਾਂਸ ਕਲਾਂ ਪਹੁੰਚ ਗਿਆ। ਵਾਪਸੀ ਸਮੇਂ ਮਾ: ਸਾਧੂ ਸਿੰਘ ਨੇ ਪੰਦਰਾਂ ਸੌ ਰੁਪਏ ਮੇਰੀ ਜੇਬ ਵਿਚ ਪਾ ਕੇ ਕਿਹਾ ਕਿ ਤੁਸੀਂ ਸ਼ਹੀਦ ਉਤਮ ਸਿੰਘ ਜੀ ਦੀ ਜੀਵਨੀ ਲਿਖਣੀ ਹੈ। ਜਗਤਾਰ ਸਿੰਘ ਨੇ ਵੀ ਸਾਧੂ ਸਿੰਘ ਦੀ ਗੱਲ ਦੁਹਰਾਈ। ਮੈਂ ਨਿਮਰਤਾ ਨਾਲ ਕਿਹਾ ਕਿ ਮੈਂ ਯਤਨ ਕਰਾਂਗਾ ਪਰ ਪੱਕੀ ਗੱਲ ਨਹੀਂ ਕਹਿ ਸਕਦਾ। ਮੈਂ ਪੈਸੇ ਵੀ ਵਾਪਸ ਲੈਣ ਲਈ ਕਿਹਾ ਪਰ ਸਾਧੂ ਸਿੰਘ ਹੋਰੀਂ ਤਾਂ ਮੇਰੀ ਗੱਲ ਸੁਣਨ ਲਈ ਤਿਆਰ ਹੀ ਨਹੀਂ ਸੀ।

ਮੈਂ ਉਨ੍ਹਾਂ ਦਿਲਾਂ ਵਿਚ ਕਰਤਾਰ ਸਿੰਘ ਸਰਾਭਾ ਬਾਰੇ ਨਾਵਲ ਲਿਖ ਰਿਹਾ ਸੀ। ਨਾਵਲ ਪੂਰਾ ਹੋਇਆ ਤਾਂ ਛਪਣ ਲਈ ਭੇਜ ਦਿੱਤਾ। ਮੈਨੂੰ ਹੁਣ ਸਾਧੂ ਸਿੰਘ ਤੇ ਜਗਤਾਰ ਸਿੰਘ ਦੇ ਸ਼ਬਦ ਯਾਦ ਆਉਣ। ਫਿਰ ਮੈਂ ਵੀ ਇਹ ਫੈਸਲਾ ਕਰ ਲਿਆ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦਾਂ ਨੂੰ ਯਾਦ ਕਰਨਾ ਤੇ ਉਨ੍ਹਾਂ ਬਾਰੇ ਕੁਝ ਲਿਖਣਾ ਤਾਂ ਸਾਡਾ ਫਰਜ਼ ਵੀ ਹੈ। ਗ਼ਦਰੀ ਸੂਰਬੀਰਾਂ ਨੇ ਤਾਂ ਦੇਸ਼ ਦੀ ਅਜ਼ਾਦੀ ਲਈ ਬਹੁਤ ਕੁਰਬਾਨੀਆਂ ਦਿੱਤੀਆਂ। ਇਹ ਗ਼ਦਰੀ ਯੋਧੇ ਸਾਡੇ ਅਜ਼ਾਦੀ ਸੰਗਰਾਮ ਦੇ ਮਹਾਂਨਾਇਕ ਹਨ। ਮੈਂ ਆਪਣਾ ਮਨ ਬਣਾ ਕੇ ਇਕ ਦਿਨ ਸ਼ਹੀਦ ਉਤਮ ਸਿੰਘ ਜੀ ਬਾਰੇ ਲਿਖਣ ਬੈਠ ਗਿਆ।

ਇਤਿਹਾਸਕ ਕਿਰਤ ਲਿਖਣ ਲੱਗਿਆਂ ਬੜਾ ਕੁੱਝ ਪੜ੍ਹਨਾ ਪੈਂਦਾ ਹੈ। ਕਾਫੀ ਸੋਚਣਾ, ਵਿਚਾਰਨਾ ਪੈਂਦਾ ਹੈ ਕਿਉਂਕਿ ਇਤਿਹਾਸ ਨਾਲ ਛੇੜ ਛਾੜ ਤਾਂ ਹੋ ਨਹੀਂ ਸਕਦੀ। ਇਨ੍ਹਾਂ ਦਿਨਾਂ ਵਿਚ ਮੇਰੇ ਘਰੇਲੂ ਹਾਲਾਤ ਠੀਕ ਨਾ ਰਹੇ। ਮੈਂ ਰੋਜ਼ ਨਵੀਂ ਤੋਂ ਨਵੀਂ ਉਲਝਣ ਵਿਚ ਫਸਦਾ ਗਿਆ। ਰੋਟੀ ਚਾਹ ਦਾ ਵੀ ਕੋਈ ਟਾਈਮ ਨਾ ਰਿਹਾ। ਕਈ ਵਾਰ ਮੈਂ ਸਾਰਾ ਦਿਨ ਘਰੋਂ ਬਾਹਰ ਹੀ ਗੁਜ਼ਾਰ ਦੇਣਾ। ਮੇਰੇ ਲਈ ਇਹ ਵੀ ਨਵੀਂ ਸਮੱਸਿਆ ਬਣ ਗਈ ਕਿ ਬਾਹਰ ਜਾ ਕੇ ਆਖਰ ਕਿਥੇ ਬੈਠ ਸਕਾਂ। ਦਿਮਾਗ ਵਿਚ ਕਦੇ ਇਹ ਗੱਲ ਵੀ ਆਵੇ ਕਿ ਪਿੰਡ ਵਿਚ ਕੋਈ ਕਮਰਾ ਕਿਰਾਏ ਉਤੇ ਲੈ ਲਵਾਂ। ਇਹ ਗੱਲ ਪਿੰਡ ਦੇ ਕਈ ਦੋਸਤਾਂ ਨਾਲ ਵੀ ਸਾਂਝੀ ਕੀਤੀ ਪਰ ਅੱਗੋਂ ਉਨ੍ਹਾਂ ਦੀਆਂ ਆਪਣੀਆਂ ਸਲਾਹਾਂ ਸੁਣਨ ਲਈ ਮਿਲਣ। ਮੈਨੂੰ ਕੁਝ ਨਾ ਸੁੱਝੇ।

ਇੱਕ ਚੁੱਪ ਨਾਲ ਹੀ ਮੇਰਾ ਵਾਹ ਵਾਸਤਾ ਰਹਿ ਗਿਆ। ਜੇ ਮੈਂ ਕਿਤੇ ਘਰੋਂ ਬਾਹਰ ਚਲਾ ਵੀ ਗਿਆ ਤਾਂ ਰੋਟੀ ਕਿਥੋਂ ਖਾਵਾਂਗਾ। ਹੁਣ ਮੇਰੇ ਕੋਲੋਂ ਤਾਂ ਰੋਟੀ ਤਿਆਰ ਨਹੀਂ ਹੋਣੀ। ਕਿਸ ਦੇ ਹੱਥਾਂ ਵੱਲ ਝਾਕਾਂਗਾ। ਸਾਰੇ ਰਿਸ਼ਤੇਦਾਰ ਮੇਰੀਆਂ ਅੱਖਾਂ ਅੱਗੇ ਘੁੰਮਦੇ। ਮੈਂ ਕਿਸੇ ਕੋਲ ਵੀ ਰਹਿ ਨਹੀਂ ਸਕਦਾ। ਨਾ ਭੈਣਾਂ ਕੋਲ ਤੇ ਨਾ ਹੀ ਧੀਆਂ ਕੋਲ਼। ਮੈਂ ਦਿਨ ਕੱਢ ਸਕਦਾ ਹਾਂ। ਕਦੇ ਨਾਨਕੇ ਯਾਦ ਆਉਂਦੇ। ਉਥੇ ਹੁਣ ਮੈਨੂੰ ਕੌਣ ਪੁੱਛੇਗਾ। ਮਾਮਾ ਮਾਮੀ ਗੁਜ਼ਰ ਗਏ। ਉਸ ਦੇ ਨੂੰਹ ਪੁੱਤ ਚਲੇ ਗਏ। ਘਰ ਨੂੰ ਤਾਂ ਇਕ ਤਰ੍ਹਾਂ ਜਿੰਦਰਾ ਵੱਜ ਗਿਆ। ਮਾਮੇ ਦੀਆਂ ਧੀਆਂ ਵੀ ਆਪੋ ਆਪਣੇ ਘਰ। ਮੇਰੇ ਲਈ ਤਾਂ ਉਥੇ ਵੀ ਕੋਈ ਥਾਂ ਨਹੀਂ।

ਸੋਚਾਂ ਸੋਚਦਾ ਭਰੇ ਮਨ ਨਾਲ ਆਪਣੇ ਕਮਰੇ ਵਿਚ ਆ ਜਾਂਦਾ। ਕਮਰੇ ਵਿਚ ਪਈਆਂ ਕਿਤਾਬਾਂ ਵੱਲ ਨਿਗਾਹ ਮਾਰਦਾ। ਕਿਤਾਬਾਂ ਨਾਲ ਅਲਮਾਰੀਆਂ ਭਰੀਆਂ ਪਈਆਂ ਹਨ। ਕਿਤਾਬਾਂ ਵੇਖ ਕੇ ਦਿਲ ਨੂੰ ਥੋੜ੍ਹਾ ਧਰਵਾਸ ਆਉਂਦਾ। ਕਮਰੇ ਵਿਚ ਪਏ ਮੈਨੂੰ ਮਿਲੇ ਸਨਮਾਨ ਚਿੰਨ੍ਹ ਤੇ ਸਨਮਾਨ ਪੱਤਰ ਵੇਖਦਾ। ਦਿਲ ਦਿਮਾਗ ਉਤੇ ਫਿਰ ਹੋਰ ਸੋਚਾਂ ਭਾਰੂ ਹੋ ਜਾਂਦੀਆਂ। ਬਾਹਰ ਇੱਜ਼ਤ ਹੈ ਪਰ ਮੇਰੇ ਘਰ ਵਿਚ ਮੇਰੀ ਅਜੀਬ ਹਾਲਤ ਹੋ ਗਈ! ਮੈਂ ਕਿਸੇ ਨੂੰ ਵੀ ਕੁੱਝ ਬੁਰਾ ਨਹੀਂ ਆਖ ਸਕਦਾ। ਮੰਦਾ ਨਹੀਂ ਕਹਿ ਸਕਦਾ। ਕਿਸੇ ਨੂੰ ਕੋਈ ਕੰਮ ਵੀ ਨਹੀਂ ਕਹਿੰਦਾ। ਆਪਣੇ ਬਹੁਤੇ ਕੰਮ ਮੈਂ ਆਪ ਹੀ ਕਰ ਲੈਂਦਾ ਹਾਂ। ਮੈਂ ਆਪਣੀਆਂ ਲੋੜਾਂ ਬਹੁਤ ਘੱਟ ਕਰ ਲਈਆਂ ਹਨ। ਮੈਂ ਕਿਸੇ ਉੱਤੇ ਬੋਝ ਬਣ ਕੇ ਜਿਉਣਾ ਨਹੀਂ ਚਾਹੁੰਦਾ। ਮੈਨੂੰ ਵਾਰ-ਵਾਰ ਇਕੋ ਗੱਲ ਸਤਾਉਂਦੀ ਪਰ ਮੇਰਾ ਸਥਾਨ ਕਿਧਰ ਗਿਆ! ਮੇਰਾ ਆਪਣਾ ਘਰ ਕਿੱਥੇ ਹੈ?

ਜ਼ਿੰਦਗੀ ਜਿਉਣਾ ਲੋੜਦੀ ਹੈ। ਰੁੱਖੀ ਮਿੱਸੀ ਖਾਧੀ ਜਾ ਸਕਦੀ ਹੈ ਪਰ ਥੋੜ੍ਹਾ ਬਹੁਤ ਮਾਣ ਸਤਿਕਾਰ ਤਾਂ ਹੋਵੇ! ਕਈ ਵਾਰ ਤਾਂ ਮੈਨੂੰ ਚੰਗੇ ਕੱਪੜੇ ਪਹਿਨਕੇ ਵੀ ਠੀਕ ਨਹੀਂ ਲੱਗਦਾ। ਚੰਗਾ ਪਹਿਨ ਕੇ ਕੀ ਕਰਨਾ ਹੈ। ਬੱਸ ਕਿਤੇ ਖੱਲ ਖੂੰਜੇ ਛੁਪ ਕੇ ਬੈਠਣਾ ਹੀ ਚੰਗਾ ਲੱਗਦਾ। ਗੀਤ ਸੰਗੀਤ ਭੁੱਲ ਗਿਆ। ਅਜੀਬ ਹਾਲਤਾਂ ਵਿਚ ਘਿਰ ਗਿਆ। ਕਈ ਵਾਰ ਸਾਰਾ-ਸਾਰਾ ਦਿਨ ਬਾਹਰ ਤੁਰੇ ਫਿਰਨਾ। ਰੋਟੀ ਚਾਹ ਦਾ ਕੋਈ ਪਤਾ ਨਹੀਂ। ਭੁੱਖ ਜਿਵੇਂ ਮਰ ਗਈ ਹੋਵੇ।

ਇੱਕ ਦਿਨ ਬਾਹਰ ਘੁੰਮਦਿਆਂ ਮੈਨੂੰ ਪਿੰਡ ਮਹਿਮਾ ਸਰਜਾ ਯਾਦ ਆ ਗਿਆ। ਇਸ ਪਿੰਡ ਵਿਚ ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਢੁੱਡੀਕੇ ਤੇ ਗ਼ਦਰੀ ਸ਼ਹੀਦ ਬਾਬਾ ਉਤਮ ਸਿੰਘ ਹਾਂਸ ਸਾਧਾਂ ਦੇ ਭੇਸ ਵਿਚ ਰੂਪੋਸ਼ ਹੋ ਕੇ ਇੱਕ ਸਾਧੂ ਦੀ ਕੁਟੀਆ ਵਿਚ ਰਹੇ ਸਨ। ਪਿਛਲੇ ਸਾਲ ਆਪਣੇ ਸਾਥੀਆਂ ਨਾਲ ਉਸ ਪਿੰਡ ਵਿਚ ਜਾਣ ਦਾ ਮੌਕਾ ਮਿਲਿਆ। ਅਸੀਂ ਉਸ ਸਾਧੂ ਦੀ ਕੁਟੀਆ ਵਿਚ ਵੀ ਗਏ। ਕੁਟੀਆ ਦੇ ਮੌਜੂਦਾ ਗੱਦੀ ਨਸ਼ੀਨ ਸਾਧੂ ਨੇ ਸਾਨੂੰ ਬੜੇ ਅਦਬ ਨਾਲ ਬੁਲਾਇਆ। ਚਾਹ ਪਾਣੀ ਪਿਲਾਇਆ। ਉਹ ਸਾਧੂ ਬਹੁਤ ਖ਼ੁਸ਼ ਹੋਇਆ ਕਿ ਉਨ੍ਹਾਂ ਦੇ ਕੋਲ ਪਿੰਡ ਢੁੱਡੀਕੇ ਤੇ ਹਾਂਸ ਕਲਾਂ ਤੋਂ ਬੰਦੇ ਆਏ ਹਨ। ਮੈਂ ਸੋਚਣ ਲੱਗਾ ਕਿ ਕਿਉਂ ਨਾ ਉਸ ਸਾਧੂ ਬਾਬੇ ਕੋਲ ਮਹਿਮਾ ਸਰਜਾ ਹੀ ਚਲਾ

ਜਾਵਾਂ। ਫਿਰ ਸੋਚਣ ਲੱਗਾ ਕਿ ਵਿਹਲੇ ਬੈਠ ਕੇ ਤਾਂ ਮੈਂ ਰੋਟੀ ਨਹੀਂ ਖਾ ਸਕਦਾ।

ਇੱਕ ਦਿਨ ਮੈਨੂੰ ਕੈਨੇਡਾ, ਅਮਰੀਕਾ ਤੇ ਦਿੱਲੀ ਤੋਂ ਤਿੰਨ ਫੋਨ ਆਏ। ਉਨ੍ਹਾਂ ਨੇ ਮੇਰੇ ਨਾਵਲ 'ਗ਼ਦਰੀ ਗੁਲਾਬ ਕੌਰ' ਤੇ 'ਗ਼ਦਰ ਦਾ ਸਿਰਨਾਵਾਂ ਸ਼ਹੀਦ ਕਰਤਾਰ ਸਿੰਘ ਸਰਾਭਾ' ਦੀ ਬਹੁਤ ਤਾਰੀਫ ਕਰੀ। ਇੱਕ ਭਾਈ ਨੇ ਇਹ ਵੀ ਪੁੱਛਿਆ ਕਿ ਤੁਸੀਂ ਅੱਜਕੱਲ੍ਹ ਕੀ ਲਿਖ ਰਹੇ ਹੋ। ਮੈਂ ਕੋਈ ਜਵਾਬ ਨਾ ਦੇ ਸਕਿਆ ਪਰ ਮੈਂ ਇਹ ਸੋਚਣ ਲੱਗਾ ਕਿ ਲੇਖਕ ਦਾ ਧਰਮ ਹੈ ਲਿਖਣਾ ਤੇ ਪੜ੍ਹਨਾ। ਉਹ ਸੁੱਖ ਵਿਚ ਵੀ ਲਿਖੇ ਤੇ ਦੁੱਖ ਵਿਚ ਵੀ ਲਿਖੇ। ਮੈਂ ਆਪਣੇ ਅੰਦਰਲੇ ਆਦਮੀ ਨਾਲ ਸੰਵਾਦ ਰਚਾਇਆ ਕਿ ਮਨਾ ਤੂੰ ਕਿਉਂ ਦਿਲ ਛੱਡ ਦਿੱਤਾ। ਜਿਉਂਦੇ ਜੀਅ ਦੁੱਖ ਵੀ ਆਉਣਗੇ। ਪਰੇਸ਼ਾਨੀਆਂ ਵੀ ਹੋਣਗੀਆਂ। ਤੂੰ ਸਾਵਾਂ ਹੋ ਕੇ ਚੱਲ। ਜੇਕਰ ਤੇਰੀ ਇਹੋ ਹਾਲਤ ਰਹੀ ਤਾਂ ਕੋਈ ਬਿਮਾਰੀ ਸਹੇੜ ਲਵੇਂਗਾ। ਸਿਰ ਹਿੱਲ ਜਾਵੇਗਾ। ਫਿਰ ਕੀ ਕਰੇਂਗਾ! ਲੇਖਕ ਨੇ ਲੋਕਾਂ ਦਾ ਕੋਈ ਕਰਜ਼ਾ ਉਤਾਰਨਾ ਹੁੰਦਾ ਹੈ। ਤੂੰ ਆਪਣੀ ਜ਼ਿੰਮੇਵਾਰੀ ਤੋਂ ਨਾ ਭੱਜ।

ਮੇਰਾ ਰਿਸ਼ਤੇਦਾਰ ਕੁੰਢਾ ਸਿੰਘ ਦੌਧਰ ਇਕ ਦਿਨ ਗੁਰਬਾਣੀ ਨਾਲ ਸਬੰਧਤ ਬਹੁਤ ਪੁਸਤਕਾਂ ਦੇ ਕੇ ਗਿਆ। ਇਹ ਪੰਜਾਬੀ ਦੇ ਚੰਗੇ ਵਿਦਵਾਨਾਂ ਦੀਆਂ ਧਾਰਮਿਕ ਪੁਸਤਕਾਂ ਸਨ। ਮੈਂ ਹਰ ਰੋਜ਼ ਇਹ ਪੁਸਤਕਾਂ ਪੜ੍ਹਨ ਲੱਗਾ। ਗੁਰਬਾਣੀ ਨੂੰ ਅਰਥਾਂ ਸਹਿਤ ਪੜ੍ਹਨ ਨਾਲ ਮੈਨੂੰ ਬਹੁਤ ਬਲ ਮਿਲਿਆ। ਮੈਨੂੰ ਜਿਵੇਂ ਕੋਈ ਆਸਰਾ ਮਿਲ ਗਿਆ। ਭੁੱਲੇ ਰਾਹੀ ਨੂੰ ਕੋਈ ਰਸਤਾ ਮਿਲ ਗਿਆ ਤੇ ਫਿਰ ਇਕ ਦਿਨ ਮੈਂ ਗ਼ਦਰੀ ਸ਼ਹੀਦ ਬਾਬਾ ਉਤਮ ਸਿੰਘ ਹਾਂਸ ਦੀ ਜੀਵਨੀ ਲਿਖਣ ਲਈ ਬੈਠ ਗਿਆ। ਮੈਨੂੰ ਖੁਸ਼ੀ ਹੈ ਕਿ ਮੈਂ ਹੱਥੀਂ ਲਿਆ ਕੰਮ ਪੂਰਾ ਕਰ ਸਕਿਆ ਹਾਂ। ਮੈਂ ਜਗਤਾਰ ਸਿੰਘ ਹਾਂਸ ਪੋਤਰਾ ਉੱਤਮ ਸਿੰਘ ਹਾਂਸ ਤੇ ਮਾਸਟਰ ਸਾਧੂ ਸਿੰਘ ਹਾਂਸ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਉਤਸ਼ਾਹ ਨਾਲ ਮੈਂ ਲਿਖਣ ਪੜ੍ਹਨ ਵੱਲ ਪਰਤ ਆਇਆ। ਇਸ ਕਿਤਾਬ ਨੂੰ ਛਪਵਾਉਣ ਲਈ ਮੇਰੀ ਆਰਥਿਕ ਮੱਦਦ ਵੀ ਕੀਤੀ। ਮੈਂ ਆਪਣੇ ਲੇਖਕ ਵੀਰਾਂ ਤੇ ਪਾਠਕ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਪੁਸਤਕ ਪੜ੍ਹ ਕੇ ਆਪਣੀ ਰਾਏ ਜ਼ਰੂਰ ਭੇਜਣ।

**-ਹਰੀ ਸਿੰਘ ਢੁੱਡੀਕੇ**

**94178-55876**

# 19ਵੀਂ ਸਦੀ ਦਾ ਪਿਛਲਾ ਪੱਖ

1849 ਈ: ਵਿਚ ਬਰਤਾਨਵੀ ਸਾਮਰਾਜ ਦੀ ਈਸਟ ਇੰਡੀਆ ਕੰਪਨੀ ਨੇ ਪੰਜਾਬ ਸਮੇਤ ਸਾਰੇ ਹਿੰਦੋਸਤਾਨ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਇਸ ਕੰਪਨੀ ਦੇ ਸਾਮਰਾਜੀ ਅਧਿਕਾਰੀਆਂ ਦੇਸ਼ ਦੀਆਂ ਰਿਆਸਤਾਂ ਨੂੰ ਆਪਣੇ ਅਧੀਨ ਕਰਕੇ ਦੇਸ਼ ਦੇ ਪਦਾਰਥਕ ਸਾਧਨਾਂ ਦੀ ਬੁਰੀ ਤਰ੍ਹਾਂ ਲੁੱਟ-ਖਸੁੱਟ ਹੀ ਸ਼ੁਰੂ ਨਹੀਂ ਕੀਤੀ ਸਗੋਂ ਲੋਕਾਂ ਉੱਤੇ ਜ਼ੁਲਮ ਢਾਹੁਣੇ ਵੀ ਸ਼ੁਰੂ ਕਰ ਦਿੱਤੇ। ਸਾਡੇ ਦੇਸ਼ ਦੇ ਉਦਯੋਗਿਕ ਵਿਕਾਸ ਨੂੰ ਖੋਰਾ ਲਾਉਣ ਲੱਗੇ। ਚੰਗੇ ਆਰਥਿਕ ਵਸੀਲਿਆਂ ਵਾਲੇ ਦੇਸ਼ ਨੂੰ ਆਪਣੀ ਪੱਕੇ ਮਾਲ ਦੀ ਮੰਡੀ ਬਣਾ ਲਿਆ। ਕਿਰਸਾਨਾਂ ਤੋਂ ਨਕਦ ਵਸੂਲੀ ਨੇ ਕਿਸਾਨਾਂ ਨੂੰ ਕੱਖੋਂ ਹੌਲੇ ਕਰ ਦਿੱਤਾ। ਮਾਮਲਾ ਦੇਣ ਲਈ ਕਿਸਾਨ ਵੱਧ ਤੋਂ ਵੱਧ ਅਨਾਜ ਵੇਚਣ ਲਈ ਮਜਬੂਰ ਹੋ ਗਏ। ਕਿਸਾਨਾਂ ਕੋਲ ਸਾਲ ਭਰ ਖਾਣ ਲਈ ਦਾਣੇ ਨਾ ਬਚਦੇ। ਉਧਰ ਜ਼ਮੀਨ ਟਾਕੀ ਵੰਡ ਹੋਣ ਤੇ ਸਿੰਚਾਈ ਦੇ ਸਾਧਨ ਘੱਟ ਹੋਣ ਕਰਕੇ ਪੈਦਾਵਾਰ ਵੈਸੇ ਹੀ ਘੱਟ ਹੁੰਦੀ ਸੀ। ਇਸ ਦੇ ਨਾਲ ਹੀ ਪੇਂਡੂ ਦਸਤਕਾਰੀ ਦਮ ਤੋੜ ਗਈ। ਲੋਕ ਭੁੱਖਮਰੀ ਦਾ ਸ਼ਿਕਾਰ ਹੋਣ ਲੱਗੇ। ਬਿਮਾਰੀਆਂ ਵਧਣ ਲੱਗੀਆਂ।

ਨਕਦ ਮਾਲੀਆ ਤੇ ਫੁੱਟ ਰਾਹੀਂ ਪੇਂਡੂ ਦਸਤਕਾਰੀ ਨੇ ਕਿਰਸਾਨਾਂ ਨੂੰ ਜ਼ਮੀਨਾਂ ਵੇਚਣ ਲਈ ਮਜਬੂਰ ਕਰ ਦਿੱਤਾ। ਸ਼ਾਹੂਕਾਰ ਤੇ ਵੱਡੇ ਜਿੰਮੀਦਾਰ ਆਮ ਕਿਸਾਨਾਂ ਦੀਆਂ ਜ਼ਮੀਨਾਂ ਖਰੀਦਣ ਲੱਗੇ। ਸਮਾਜ ਵਿਚ ਇੱਕ ਸਰਮਾਏਦਾਰ ਸ਼੍ਰੇਣੀ ਪੈਦਾ ਹੋਣ ਲੱਗੀ। ਇਸ ਸ਼੍ਰੇਣੀ ਦੀ ਸੋਚ ਵਿਚ ਇੱਕ ਨਵੀਂ ਤਬਦੀਲੀ ਆ ਗਈ। ਇਹ ਸ਼੍ਰੇਣੀ ਆਪਣੀ ਜ਼ਮੀਨ ਤੇ ਹੋਰ ਜਾਇਦਾਦ ਬਚਾਉਣ ਲਈ ਅੰਗਰੇਜ਼ੀ ਸਰਕਾਰ ਦੀ ਸਮਰਥਕ ਬਣ ਗਈ। ਅੰਗਰੇਜ਼ ਪੱਕੇ ਪੈਰੀਂ ਹੁੰਦੇ ਗਏ। ਆਮ ਲੋਕਾਂ ਦਾ ਜਿਉਣਾ ਦੁੱਭਰ ਹੋ ਗਿਆ। ਲੋਕਾਂ ਨੂੰ ਰੱਜਵੀਂ ਰੋਟੀ ਨਸੀਬ ਨਾ ਹੁੰਦੀ। ਮਹਿੰਗਾਈ ਵਧਣ ਲੱਗੀ। ਲੋਕਾਂ ਕੋਲ ਕਮਾਈ ਦਾ ਕੋਈ ਸਾਧਨ ਨਹੀਂ ਸੀ। ਭੁੱਖਮਰੀ ਵਧਣ ਲੱਗੀ। ਬਿਮਾਰੀਆਂ ਵਧਣ ਲੱਗੀਆਂ ਪਰ ਅੰਗਰੇਜ਼ੀ ਸਰਕਾਰ ਦਾ ਜਨਤਾ ਵੱਲ ਕੋਈ ਧਿਆਨ ਨਹੀਂ ਸੀ।

ਅੰਗਰੇਜ਼ਾਂ ਦੇ ਹਿੰਦੋਸਤਾਨ ਵਿਚ ਸਾਡੀ ਨਵ-ਜਨਮੀ ਸਰਮਾਏਦਾਰੀ ਜਮਾਤ ਨੇ ਅਜਿਹੇ ਪੈਰ ਲਾਏ ਕਿ ਉਹ ਸਾਡੇ ਦੇਸ਼ ਦਾ ਕੱਚਾ ਮਾਲ ਵਲਾਇਤ ਲਿਜਾਣ ਲੱਗੇ। ਉਨ੍ਹਾਂ ਨੇ ਦੇਸ਼ ਨੂੰ ਆਪਣੀ ਲੁੱਟ ਦੀ ਮੰਡੀ ਬਣਾ ਲਿਆ। ਕੱਚਾ ਮਾਲ ਏਥੋਂ ਲਿਜਾ ਕੇ ਵਲਾਇਤ ਤੋਂ ਨਵਾਂ ਮਾਲ ਬਣਵਾ ਕੇ ਏਥੇ ਮਹਿੰਗੇ ਭਾਅ ਵੇਚਣਾ ਸ਼ੁਰੂ ਕੀਤਾ। ਲੋਕਾਂ ਨੂੰ

ਕੋਈ ਵੀ ਮੁੱਢਲੀ ਸਹੂਲਤ ਪ੍ਰਾਪਤ ਨਹੀਂ ਸੀ। ਲੋਕ ਬਿਮਾਰੀਆਂ ਦਾ ਸ਼ਿਕਾਰ ਸਨ। ਦੇਸ਼ ਵਿਚ ਕਾਲ ਪੈਣ ਲੱਗੇ। ਭਿਆਨਕ ਬਿਮਾਰੀਆਂ ਕਾਰਨ ਲੋਕ ਮਰਨ ਲੱਗੇ। ਲੋਕਾਂ ਨੂੰ ਸਿਹਤ ਸਹੂਲਤਾਂ, ਵਿਦਿਅਕ ਸਹੂਲਤਾਂ ਤੇ ਕੰਮਕਾਰੀ ਸਹੂਲਤਾਂ ਤਾਂ ਕੀ ਦੇਣੀਆਂ ਸਨ ਸਗੋਂ ਉਨ੍ਹਾਂ ਉੱਤੇ ਦਿਨੋ ਦਿਨ ਜ਼ੁਲਮ ਵਧਣ ਲੱਗੇ। ਸੰਨ 1850 ਤੋਂ ਲੈ ਕੇ 1900 ਤੱਕ ਦੇਸ਼ ਵਿਚ ਕੋਈ 25 ਕਾਲ ਪਏ। ਤਪਦਿਕ ਤੇ ਪਲੇਗ ਵਰਗੀਆਂ ਬਿਮਾਰੀਆਂ ਨਾਲ ਦੇਸ਼ ਵਿਚ ਲੱਖਾਂ ਲੋਕ ਮੌਤ ਦੇ ਮੂੰਹ ਜਾ ਪਏ। ਗਰੀਬੀ ਦੀ ਹਾਲਤ ਇਹ ਹੋ ਗਈ ਕਿ 1881 ਵਿਚ ਦੇਸ਼ ਵਿਚ ਪ੍ਰਤੀ ਜੀਅ ਆਮਦਨੀ 27 ਰੁਪਏ ਸੀ ਜਿਹੜੀ 1899 ਵਿਚ 18 ਰੁਪਏ ਰਹਿ ਗਈ।

ਪਿੰਡਾਂ ਵਿਚ ਅੰਗਰੇਜ਼ਾਂ ਪ੍ਰਤੀ ਹੌਲੀ-ਹੌਲੀ ਰੋਸ ਦੀ ਇੱਕ ਲਹਿਰ ਜਾਗ ਪਈ। ਇਹ ਰੋਸ ਲਹਿਰ ਵਧਣ ਲੱਗੀ ਪਰ ਭਾਰਤ ਦੀ ਅਜ਼ਾਦੀ ਦਾ ਸੰਗਰਾਮ 1857 ਦੀ ਕਰਾਂਤੀ ਨਾਲ ਸ਼ੁਰੂ ਹੋਇਆ। ਇਹ ਦੇਸ਼ ਵਿਆਪੀ ਅੰਦੋਲਨ ਸੀ ਪਰ ਇਸ ਲਹਿਰ ਨੂੰ ਅੰਗਰੇਜ਼ਾਂ ਨੇ ਬੜੀ ਸਖ਼ਤੀ ਨਾਲ ਦਬਾ ਦਿੱਤਾ। ਫਿਰ ਵੀ ਇਸ ਨੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਤੇ ਦੇਸ਼ ਦੀ ਅਜ਼ਾਦੀ ਲਈ ਕੋਈ ਤੜਪ ਜ਼ਰੂਰ ਪੈਦਾ ਕੀਤੀ। ਬੰਗਾਲ ਵਿਚ ਬ੍ਰਹਮੋ ਸਮਾਜ ਦੀ ਸਮਾਜਿਕ ਚੇਤਨਾ ਲਹਿਰ ਤੇ ਰਾਜਾ ਰਾਮ ਮੋਹਨ ਰਾਏ ਦੇ ਯਤਨਾਂ ਨੇ ਦੇਸ਼ ਵਿਚ ਆਤਮ ਚਿੰਤਨ ਵੱਲ ਲੋਕਾਂ ਦਾ ਧਿਆਨ ਖਿੱਚਿਆ। ਪੰਜਾਬ ਵਿਚ ਕੂਕਾ ਲਹਿਰ ਨੇ ਸਤਿਗੁਰੂ ਰਾਮ ਸਿੰਘ ਦੀ ਅਗਵਾਈ ਹੇਠ ਧਾਰਮਿਕ ਤੇ ਰਾਜਨੀਤਕ ਲਹਿਰ ਨੂੰ ਜਨਮ ਦਿੱਤਾ। ਕੂਕਾ ਲਹਿਰ ਦਾ ਦੇਸ਼ ਦੇ ਅਜ਼ਾਦੀ ਸੰਗਰਾਮ ਵਾਸਤੇ ਇਹ ਬਹੁਤ ਹੀ ਮਹਾਨ ਉਪਰਾਲਾ ਸੀ ਪਰ ਅੰਗਰੇਜ਼ਾਂ ਨੇ 1872 ਈ: ਵਿਚ ਲੁਧਿਆਣਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ 49 ਕੂਕਿਆਂ ਨੂੰ ਤੋਪ ਨਾਲ ਉਡਵਾ ਦਿੱਤਾ। ਇੱਕ ਕੂਕਾ ਤਲਵਾਰਾਂ ਨਾਲ ਟੋਟੇ ਕੀਤਾ ਗਿਆ। ਪੰਜ ਕੂਕਿਆਂ ਨੂੰ ਉਮਰ ਕੈਦ ਕਰਕੇ ਕਾਲੇਪਾਣੀ ਭੇਜਿਆ ਗਿਆ। ਸਤਿਗੁਰੂ ਰਾਮ ਸਿੰਘ ਨੂੰ ਰੰਗੂਨ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ।

ਕੂਕਾ ਲਹਿਰ ਨੂੰ ਦਬਾ ਕੇ ਅੰਗਰੇਜ਼ੀ ਸਰਕਾਰ ਨੇ ਸੋਚਿਆ ਕਿ ਹੁਣ ਦੇਸ਼ ਵਿਚ ਵਿਰੋਧੀ ਸੁਰ ਦਬਾ ਦਿੱਤੀ ਹੈ। ਲੋਕਾਂ ਦੇ ਦਿਲਾਂ ਵਿਚ ਫਿਰ ਵੀ ਰੋਸ ਜ਼ਰੂਰ ਸੀ ਪਰ ਉਹ ਕੁੱਝ ਵੀ ਕਰਨ ਤੋਂ ਅਸਮਰੱਥ ਸਨ। ਅੰਗਰੇਜ਼ਾਂ ਨੇ 1901 ਵਿਚ ਜ਼ਮੀਨ ਦੇ ਇੰਤਕਾਲ ਦਾ ਕਾਨੂੰਨ ਪਾਸ ਕਰ ਦਿੱਤਾ ਪਰ ਇਹ ਕਾਨੂੰਨ ਵੀ ਆਮ ਲੋਕਾਂ ਦਾ ਕੁੱਝ ਨਾ ਸੰਵਾਰ ਸਕਿਆ। ਲੋਕਾਂ ਦਾ ਜੀਵਨ ਦਿਨੋ ਦਿਨ ਮਾੜਾ ਹੀ ਹੁੰਦਾ ਗਿਆ। ਉਨ੍ਹਾਂ ਦਾ ਜਿਉਣਾ ਦੁੱਭਰ ਹੁੰਦਾ ਗਿਆ। ਚਾਤਰ ਅੰਗਰੇਜ਼ ਨੇ ਦੇਸ਼ ਦੇ ਲੋਕਾਂ ਦੀ ਹਰ ਤਰ੍ਹਾਂ ਨਾਲ ਲੁੱਟ ਕੀਤੀ। ਭੈੜੀ ਹਾਲਤ ਵਿਚ ਜਿਉਂ ਰਹੇ ਥੁੜ੍ਹੇ ਟੁੱਟੇ ਲੋਕਾਂ ਨੂੰ ਅੰਗਰੇਜ਼ਾਂ ਨੇ ਇਕ ਨਵੇਂ ਢੰਗ ਨਾਲ ਵਰਤਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਦੀ ਚਾਲ ਸੀ ਕਿ ਗੁਲਾਮ ਬਣਾਏ ਹੋਏ ਦੇਸ਼ਾਂ ਉੱਤੇ ਪੂਰੀ ਤਰ੍ਹਾਂ ਕਬਜਾ ਜਮਾਉਣ ਲਈ ਭਾਰਤੀ ਨੌਜਵਾਨਾਂ ਨੂੰ ਫੌਜਾਂ ਵਿਚ ਭਰਤੀ ਕਰਕੇ ਬਾਹਰਲੇ ਦੇਸ਼ਾਂ ਵਿਚ ਭੇਜਿਆ ਜਾਵੇ। ਉਥੇ ਲੱਗੀਆਂ ਲੜਾਈਆਂ ਵਿਚ

ਇਨ੍ਹਾ ਨੂੰ ਝੋਕ ਦਿੱਤਾ ਜਾਵੇ।

ਅੰਗਰੇਜ਼ ਕਿੰਨੇ ਚਲਾਕ ਸਨ। ਸਾਡੇ ਹੀ ਲੋਕਾਂ ਦੀ ਮੱਦਦ ਨਾਲ ਸਾਡੇ ਦੇਸ਼ ਵਿਚ ਪੈਰ ਜਮਾ ਗਏ। ਸਾਡੇ ਹੀ ਨੌਜਵਾਨਾਂ ਨੂੰ 9-10 ਰੁਪਏ ਮਾਸਿਕ ਤਨਖਾਹ ਉੱਤੇ ਫੌਜ ਵਿਚ ਭਰਤੀ ਕਰਕੇ ਅਮਰੀਕਾ, ਚੀਨ, ਈਰਾਨ, ਬਰ੍ਹਮਾ, ਮਿਸ਼ਰ, ਪੂਰਬੀ ਅਫਰੀਕਾ ਤੇ ਭਾਰਤ ਦੀ ਪੱਛਮੀ ਸਰਹੱਦ ਉੱਤੇ ਲੜਾਈਆਂ ਵਿਚ ਝੋਕ ਦਿੱਤਾ ਗਿਆ। ਏਥੇ ਹੀ ਬੱਸ ਨਹੀਂ ਭਾਰਤੀ ਨੌਜਵਾਨਾਂ ਨੂੰ ਪੂਰਬੀ ਏਸ਼ੀਆ ਦੇ ਟਾਪੂ ਬਰ੍ਹਮਾ, ਮਲਾਇਆ, ਸਿੰਘਾਪੁਰ, ਹਾਂਗਕਾਂਗ ਤੇ ਚੀਨ ਦੇ ਘਾਟਾਂ ਉਤੇ ਆਪਣੀਆਂ ਕੋਠੀਆਂ ਦੀ ਰਾਖੀ ਲਈ ਚੌਂਕੀਦਾਰ ਤੇ ਦਰਬਾਨ ਭਰਤੀ ਕੀਤਾ। ਪੁਲੀਸ ਵਿਚ ਭਰਤੀ ਕੀਤੀ। ਲੋਕਾਂ ਵਿਚ ਸਗੋਂ ਇਹ ਗੱਲ ਫੈਲਾਈ ਜਾਂਦੀ ਕਿ ਭਾਰਤੀ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਂਦਾ ਹੈ।

ਬਾਹਰਲੇ ਦੇਸ਼ਾਂ ਵਿਚ ਜਾਂਦੇ ਨੌਜਵਾਨਾਂ ਨੂੰ ਵੇਖ ਕੇ ਦੇਸ਼ ਵਿਚ ਭੁੱਖੇ ਮਰ ਰਹੇ ਲੋਕ ਇਹ ਸੋਚਣ ਲੱਗੇ ਕਿ ਏਥੇ ਕੀ ਰੱਖਿਆ ਹੈ। ਬਾਹਰ ਜਾਉ। ਕੁੱਝ ਤਾਂ ਤਨਖਾਹ ਮਿਲੇਗੀ। ਰੋਟੀ ਤਾਂ ਖਾਣ ਨੂੰ ਮਿਲੇਗੀ। ਇਸ ਤਰ੍ਹਾਂ ਬਾਹਰਲੇ ਦੇਸ਼ਾਂ ਵਿਚ ਚਾਹੇ ਜੰਗ ਲੱਗੀ ਹੋਈ ਸੀ ਤੇ ਚਾਹੇ ਚੌਂਕੀਦਾਰਾ ਮਿਲਦਾ ਸੀ ਬੱਸ ਲੋਕ ਇਹੀ ਸੋਚਣ ਲੱਗੇ ਕਿ ਭੁੱਖੇ ਮਰਨ ਨਾਲੋਂ ਬਾਹਰ ਜਾਣਾ ਹੀ ਚੰਗਾ ਹੈ। ਇਸ ਤਰ੍ਹਾਂ ਸਾਡੇ ਲੋਕਾਂ ਦਾ 1903 ਵਿਚ ਬਾਹਰਲੇ ਦੇਸ਼ਾਂ ਵਿਚ ਜਾਣਾ ਸ਼ੁਰੂ ਹੋ ਗਿਆ।

# ਜਨਮ ਤੇ ਮੁਢਲਾ ਜੀਵਨ

ਉੱਤਮ ਸਿੰਘ ਦਾ ਜਨਮ ਸ: ਜੀਤਾ ਸਿੰਘ ਦੇ ਘਰ ਮਾਤਾ ਫਤਿਹ ਕੌਰ ਦੀ ਕੁੱਖੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਹਾਂਸ ਕਲਾਂ ਵਿਖੇ 1885 ਦੇ ਲਗਭਗ ਇੱਕ ਸਾਧਾਰਨ ਕਿਰਸਾਨ ਪਰਿਵਾਰ ਵਿਚ ਹੋਇਆ। ਹਾਂਸ ਕਲਾਂ ਉਸ ਵੇਲੇ ਪੰਜਾਬ ਦੇ ਆਮ ਪਿੰਡਾਂ ਵਰਗਾ ਪਿੰਡ ਹੀ ਸੀ। ਕੱਚੇ ਰਾਹ। ਕੱਚੀਆਂ ਗਲੀਆਂ। ਕੱਚੇ ਘਰ। ਪਿੰਡ ਵਿਚ ਕਿਸੇ ਦਾ ਹੀ ਘਰ ਪੱਕਾ ਸੀ। ਉਹ ਵੀ ਕਿਸੇ ਕਮਰੇ ਦੀ ਇਕ ਅੱਧੀ ਕੰਧ ਪੱਕੀ। ਘਰਾਂ ਵਿਚ ਭਾਰੀਆਂ ਲਟੈਣਾਂ ਦੇ ਨਾਲ ਸ਼ਤੀਰ ਤੇ ਫਿਰ ਕੜੀਆਂ ਬਾਲਿਆਂ ਦੀ ਛੱਤ। ਪਸ਼ੂਆਂ ਵਾਲੇ ਤੇ ਤੂੜੀ ਵਾਲੇ ਕਮਰੇ ਹੀ ਵੱਡੇ। ਆਮ ਘਰਾਂ ਵਿਚ ਚਰਖਾ, ਵੇਲਣਾ, ਕਾੜ੍ਹਨੀ, ਮੈਟ, ਕੂੰਡੀ ਘੋਟਣਾ, ਮੋਹਲ਼ਾ, ਕਹੀ, ਸਲੰਘ, ਖੁਰਪਾ, ਹਲ, ਪੰਜਾਲੀ ਤੇ ਖੇਤੀ ਨਾਲ ਸਬੰਧਤ ਹੋਰ ਸਮਾਨ ਹੁੰਦਾ। ਪਿੱਤਲ, ਕਾਂਸੀ ਤੇ ਤਾਂਬੇ ਦੇ ਬਰਤਨ ਹੁੰਦੇ। ਆਟਾ ਗੁੰਨ੍ਹਣ ਲਈ ਮਿੱਟੀ ਦੀ ਕਨਾਲੀ ਹੁੰਦੀ। ਪਹਿਨਣ ਲਈ ਖੱਦਰ ਦੇ ਕੱਪੜੇ। ਜ਼ਮੀਨੀ ਪੈਦਾਵਾਰ ਬਹੁਤ ਘੱਟ ਸੀ। ਲੋਕਾਂ ਕੋਲ ਮੱਝਾਂ, ਗਾਵਾਂ, ਬੱਕਰੀਆਂ ਤੇ ਬਲਦ ਆਮ ਸਨ। ਘਰਾਂ ਦੀ ਹਾਲਤ ਸਿਰਫ਼ ਇਸ ਕਰਕੇ ਹੀ ਚੰਗੀ ਸੀ ਕਿ ਹਰ ਘਰ ਵਿਚ ਦੁੱਧ ਆਮ ਸੀ। ਲੋਕ ਦੁੱਧ ਪੀਂਦੇ, ਲੱਸੀ ਪੀਂਦੇ, ਘਿਉ ਖਾਂਦੇ ਪਰ ਕਣਕ ਦੀ ਰੋਟੀ ਤਾਂ ਬਹੁਤੀ ਨਹੀਂ ਸੀ ਪੱਕਦੀ।

ਉੱਤਮ ਸਿੰਘ ਦੇ ਘਰ ਦੀ ਹਾਲਤ ਇਸੇ ਤਰ੍ਹਾਂ ਦੀ ਸੀ। ਪਿਤਾ ਜੀਤਾ ਸਿੰਘ ਇੱਕ ਸਾਧਾਰਨ ਕਿਰਸਾਨ ਸੀ। ਘਰ ਦੀ ਜ਼ਮੀਨ ਤਾਂ ਸੀ ਪਰ ਸਿੰਚਾਈ ਦਾ ਕੋਈ ਸਾਧਨ ਨਾ ਹੋਣ ਕਰਕੇ ਬਹੁਤੀ ਜ਼ਮੀਨ ਵੀਰਾਨ ਪਈ ਸੀ। ਕਈ ਟਿੱਬੇ ਸਨ। ਉੱਚੀ ਨੀਵੀਂ ਜ਼ਮੀਨ ਵਿਚ ਫਸਲ ਰੱਬ ਦੇ ਆਸਰੇ ਹੀ ਸੀ। ਸਾਲ ਵਿਚ ਜ਼ਮੀਨ ਤੋਂ ਕੇਵਲ ਇੱਕ ਹੀ ਫਸਲ ਲਈ ਜਾਂਦੀ ਸੀ। ਬਾਕੀ ਸਮਾਂ ਜ਼ਮੀਨ ਸੰਨਵੀਂ ਪਈ ਰਹਿੰਦੀ। ਉੱਤਮ ਸਿੰਘ ਦਾ ਇੱਕ ਵੱਡਾ ਭਰਾ ਸੀ ਨਰਾਇਣ ਸਿੰਘ ਤੇ ਇੱਕ ਵੱਡੀ ਭੈਣ ਸੀ ਪਰੇਮ ਕੌਰ। ਪਰੀਵਾਰ ਛੋਟਾ ਸੀ ਤੇ ਉੱਤਮ ਸਿੰਘ ਘਰ ਵਿਚ ਛੋਟਾ ਬੱਚਾ ਹੋਣ ਕਰਕੇ ਸਭ ਦਾ ਲਾਡਲਾ ਸੀ। ਮਾਤਾ ਪਿਤਾ ਨੇ ਉਸ ਨੂੰ ਬੜੇ ਲਾਡਾਂ ਚਾਵਾਂ ਨਾਲ ਪਾਲ਼ਿਆ। ਘਰ ਵਿਚ ਦੁੱਧ ਘਿਉ ਆਮ ਹੋਣ ਕਰਕੇ ਉੱਤਮ ਸਿੰਘ ਸ਼ੁਰੂ ਤੋਂ ਹੀ ਹੁੰਦੜਹੇਲ ਸੀ।

ਉੱਤਮ ਸਿੰਘ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਚੌਥੀ ਜਮਾਤ ਪਾਸ ਕੀਤੀ। ਉੱਤਮ ਸਿੰਘ ਨੂੰ ਅਗਲੇਰੀ ਪੜ੍ਹਾਈ ਲਈ ਵੀ ਸਕੂਲ ਵਿਚ ਦਾਖਲ ਕਰਵਾਇਆ ਗਿਆ। ਆਪ ਤੁਰ ਕੇ ਜਗਰਾਉਂ ਪੜ੍ਹਨ ਜਾਂਦੇ ਸਨ। ਕੁੱਝ ਸਾਲਾਂ ਬਾਅਦ ਵੱਡੇ ਭਰਾ

ਨਰਾਇਣ ਸਿੰਘ ਦਾ ਐਤੀਆਣੇ ਪਿੰਡ ਵਿਚ ਵਿਆਹ ਹੋ ਗਿਆ। ਭਰਜਾਈ ਅਤਰ ਕਰ ਉੱਤਮ ਸਿੰਘ ਨੂੰ ਆਪਣੇ ਭਰਾਵਾਂ ਵਾਂਗ ਸਮਝਦੀ। ਘਰ ਦੇ ਬਹੁਤੇ ਕੰਮਾਂ ਦਾ ਭਾਰ ਅਤਰ ਕੌਰ ਨੇ ਚੁੱਕ ਲਿਆ ਸੀ। ਉਸ ਵੇਲੇ ਘਰੇਲੂ ਔਰਤਾਂ ਦੇ ਬਹੁਤ ਕੰਮ ਹੁੰਦੇ ਸਨ। ਦੋ ਵੇਲੇ ਰੋਟੀ ਤਿਆਰ ਕਰਨੀ, ਤੜਕੇ ਉੱਠ ਕੇ ਦੁੱਧ ਰਿੜਕਣਾ, ਮੱਝਾਂ ਦੀਆਂ ਧਾਰਾਂ ਕੱਢਣੀਆਂ, ਪਸ਼ੂਆਂ ਦਾ ਗੋਹਾ ਕੂੜਾ ਬਾਹਰ ਰੂੜੀ ਉੱਤੇ ਸੁੱਟਣਾ ਤੇ ਵਿਹਲੇ ਸਮੇਂ ਚਰਖਾ ਕੱਤਣਾ।

ਉਨਵੀਂ ਸਦੀ ਦਾ ਸਮਾਂ ਖਾਸ ਕਰਕੇ ਪਿਛਲਾ ਪੱਖ ਬੜਾ ਅਜੀਬ ਸਮਾਂ ਸੀ। ਉਸ ਵੇਲੇ ਮੁੰਡੇ ਕੁੜੀਆਂ ਦੇ ਵਿਆਹ ਬਹੁਤ ਛੋਟੀ ਉਮਰ ਵਿਚ ਹੋ ਜਾਂਦੇ ਸਨ ਤੇ ਫਿਰ ਸਾਲ ਸਾਲ ਮੁਕਲਾਵਾ ਨਹੀਂ ਸੀ ਹੁੰਦਾ। ਨਰਾਇਣ ਸਿੰਘ ਦੇ ਵਿਆਹ ਤੋਂ ਥੋੜ੍ਹਾ ਚਿਰ ਬਾਅਦ ਭੈਣ ਪਰੇਮ ਕੌਰ ਦਾ ਵਿਆਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸ਼ੇਖ ਦੌਲਤ ਵਿਖੇ ਕਰ ਦਿੱਤਾ ਗਿਆ। ਉੱਤਮ ਸਿੰਘ ਵੀ ਹੁਣ ਭਰਵਾਂ ਜਵਾਨ ਹੋ ਗਿਆ ਸੀ। ਤਕੜਾ ਜੁੱਸਾ, ਰੰਗ ਸਾਫ ਤੇ ਨੈਣ ਨਕਸ਼ ਵੀ ਬਹੁਤ ਸੋਹਣੇ। ਸ਼ੁਰੂ ਤੋਂ ਹੀ ਚੰਗੀ ਖੁਰਾਕ ਖਾਣ ਕਰਕੇ ਉਹ ਹੱਡ ਪੈਰ ਦਾ ਕਾਠਾ ਸੀ। ਸੁਭਾ ਸ਼ਾਮ ਉਹ ਘਰ ਦਾ ਕੰਮ ਵੀ ਬਹੁਤ ਕਰਦਾ ਸੀ। ਪਰੇਮ ਕੌਰ ਦੇ ਮੁਕਲਾਵੇ ਤੋਂ ਬਾਅਦ ਉੱਤਮ ਸਿੰਘ ਦਾ ਵਿਆਹ ਵੀ ਪਿੰਡ ਚਕਰ ਵਿਚ ਕਰ ਦਿੱਤਾ ਗਿਆ।

ਉੱਤਮ ਸਿੰਘ ਸ਼ੁਰੂ ਤੋਂ ਹੀ ਚੇਤੰਨ ਬੁੱਧੀ ਦਾ ਮਾਲਕ ਸੀ। ਪਿੰਡ ਵਿਚ ਲੋਕਾਂ ਨੂੰ ਸਰਕਾਰ ਵੱਲੋਂ ਕਿਸੇ ਕਿਸਮ ਦੀ ਕੋਈ ਸਹੂਲਤ ਤਾਂ ਨਹੀਂ ਸੀ ਪਰ ਆਏ ਦਿਨ ਪਿੰਡ ਵਿਚ ਨਵੀਂ ਤੋਂ ਨਵੀਂ ਗੱਲ ਫੈਲ ਜਾਂਦੀ। ਪੁਲਸ ਲੋਕਾਂ ਉੱਤੇ ਜ਼ੁਲਮ ਕਰਦੀ ਸੀ। ਲੋਕਾਂ ਤੋਂ ਜਬਰੀ ਵਗਾਰ ਲੈਣਾ ਜਿਵੇਂ ਉਨ੍ਹਾਂ ਦਾ ਹੱਕ ਸੀ। ਜੇਕਰ ਕੋਈ ਆਦਮੀ ਪੁਲਸ ਦਾ ਹੁਕਮ ਨਾ ਮੰਨਦਾ ਤਾਂ ਉਸ ਨੂੰ ਜਬਰਦਸਤੀ ਥਾਣੇ ਲਿਜਾ ਕੇ ਬੰਦ ਕਰ ਦਿੱਤਾ ਜਾਂਦਾ। ਸਰਕਾਰ ਵਿਰੁੱਧ ਕੋਈ ਇੱਕ ਵੀ ਸ਼ਬਦ ਨਹੀਂ ਸੀ ਬੋਲਦਾ। ਉੱਤਮ ਸਿੰਘ ਡੂੰਘੀ ਸੋਚ ਵਾਲਾ ਹੋਣ ਕਰਕੇ ਅੰਗਰੇਜ਼ੀ ਸਰਕਾਰ ਨੂੰ ਉਹ ਬਹੁਤ ਨਫ਼ਰਤ ਕਰਦਾ। ਇਸ ਤੋਂ ਵੀ ਅੱਗੇ ਉਹ ਸੋਚਦਾ ਕਿ ਲੋਕਾਂ ਦੀ ਭਲਾਈ ਲਈ ਸਰਕਾਰ ਕੁੱਝ ਵੀ ਨਹੀਂ ਕਰਦੀ। ਕਾਲ ਪੈ ਰਹੇ ਹਨ। ਭਿਆਨਕ ਬਿਮਾਰੀਆਂ ਦਿਨੋ ਦਿਨ ਫੈਲ ਰਹੀਆਂ ਹਨ। ਲੋਕ ਮਰ ਰਹੇ ਹਨ। ਸਰਕਾਰ ਚੁੱਪ ਬੈਠੀ ਹੈ। ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ। ਜ਼ਮੀਨੀ ਪੈਦਾਵਾਰ ਨਾਲ ਮਾਲੀਆ ਵੀ ਨਹੀਂ ਮੋੜਿਆ ਜਾਂਦਾ। ਕਿਰਸਾਨ ਕੰਗਾਲ ਹੋ ਰਿਹਾ ਹੈ। ਰੋਜੀ ਦਾ ਕੋਈ ਸਾਧਨ ਨਹੀਂ।

ਉੱਤਮ ਸਿੰਘ ਲੋਕਾਂ ਤੋਂ ਇਹ ਗੱਲਾਂ ਵੀ ਸੁਣਦਾ ਕਿ ਲੋਕ ਬਾਹਰਲੇ ਦੇਸ਼ਾਂ ਨੂੰ ਜਾ ਰਹੇ ਐ। ਕਹਿੰਦੇ ਬਾਹਰ ਤਾਂ ਦਸ ਪੰਦਰਾਂ ਰੁਪਏ ਮਹੀਨੇ ਦੀ ਤਨਖਾਹ ਮਿਲਦੀ ਹੈ। ਉੱਤਮ ਸਿੰਘ ਇਹ ਗੱਲਾਂ ਆਪਣੇ ਪਿਤਾ ਨਾਲ ਵੀ ਸਾਂਝੀਆਂ ਕਰਦਾ। ਕਈ ਵਾਰ ਉਹ ਦੱਸਦਾ ਕਿ ਜੇਕਰ ਕਿਰਾਏ ਭਾੜੇ ਦਾ ਪ੍ਰਬੰਧ ਹੋ ਜਾਵੇ ਤਾਂ ਉਹ ਵੀ ਕੈਨੇਡਾ ਜਾਂ ਅਮਰੀਕਾ ਚਲਾ ਜਾਵੇ। ਪਿਤਾ ਚਾਹੁੰਦਾ ਸੀ ਕਿ ਪੁੱਤਰ ਘਰ ਰਹੇ। ਟੱਬਰ ਕਿਹੜਾ ਵੱਡਾ ਹੈ। ਇਨ੍ਹਾਂ ਦਿਨਾਂ

ਵਿਚ ਹੀ ਇਕ ਭੈੜੀ ਘਟਨਾ ਵਾਪਰ ਗਈ। ਪਿਤਾ ਜੀਤਾ ਸਿੰਘ ਕੁੱਝ ਸਮਾਂ ਬਿਮਾਰ ਰਹਿ ਕੇ ਚੜ੍ਹਾਈ ਕਰ ਗਿਆ। ਉੱਤਮ ਸਿੰਘ ਲਈ ਤਾਂ ਜਿਵੇਂ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ। ਘਰ ਦਾ ਥੰਮ੍ਹ ਹਿੱਲ ਗਿਆ ਸੀ। ਘਰ ਦੀ ਮੁੱਖ ਜ਼ਿੰਮੇਵਾਰੀ ਹੁਣ ਵੱਡੇ ਭਰਾ ਨਰਾਇਣ ਸਿੰਘ ਉੱਤੇ ਤੇ ਉੱਤਮ ਸਿੰਘ ਦੇ ਸਿਰ ਉੱਤੇ ਆ ਗਈ।

ਕਹਿੰਦੇ ਕੁਦਰਤ ਵੀ ਕਈ ਵਾਰ ਬੰਦੇ ਦਾ ਇਮਤਿਹਾਨ ਲੈਂਦੀ ਹੈ। ਸਾਡੇ ਜੀਵਨ ਵਿਚ ਅਜਿਹੀ ਘਟਨਾ ਵਾਪਰ ਜਾਂਦੀ ਹੈ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਹੁੰਦਾ। ਉੱਤਮ ਸਿੰਘ ਦਾ ਹਾਲੇ ਵਿਆਹ ਹੀ ਹੋਇਆ ਸੀ ਪਰ ਉਸ ਨੇ ਮੁਕਲਾਵਾ ਨਹੀਂ ਸੀ ਲਿਆਂਦਾ। ਚਕਰ ਪਿੰਡ ਤੋਂ ਦੁਖਦਾਈ ਖ਼ਬਰ ਆ ਗਈ ਕਿ ਉੱਤਮ ਸਿੰਘ ਦੀ ਘਰਵਾਲੀ ਚੜ੍ਹਾਈ ਕਰ ਗਈ ਹੈ। ਜੀਤਾ ਸਿੰਘ ਦੇ ਘਰ ਵਿਚ ਸੱਥਰ ਵਿਛ ਗਿਆ। ਉੱਤਮ ਸਿੰਘ ਅੱਗੇ ਹਨ੍ਹੇਰ ਪਸਰ ਗਿਆ। ਉਸ ਦਾ ਦਿਲ ਹੀ ਟੁੱਟ ਗਿਆ। ਉਸ ਨੂੰ ਕੁੱਝ ਨਹੀਂ ਸੀ ਸੁਝਦਾ। ਉੱਤਮ ਸਿੰਘ ਨੂੰ ਮਾਤਾ, ਭਰਾ, ਭੈਣ ਤੇ ਭਰਜਾਈ ਨੇ ਸੰਭਾਲਿਆ। ਉੱਤਮ ਸਿੰਘ ਨੇ ਦੋ ਕਰੜੇ ਫੈਸਲੇ ਲੈ ਲਏ। ਇਕ ਤਾਂ ਇਹ ਕਿ ਰੋਜ਼ੀ ਰੋਟੀ ਲਈ ਉਹ ਕੈਨੇਡਾ ਚਲਾ ਜਾਵੇਗਾ ਤੇ ਘਰ ਦੀ ਆਰਥਿਕ ਹਾਲਤ ਸੁਧਾਰੇਗਾ। ਦੂਜਾ ਇਹ ਕਿ ਹੁਣ ਉਹ ਸਾਰੀ ਉਮਰ ਹੋਰ ਵਿਆਹ ਨਹੀਂ ਕਰਵਾਏਗਾ। ਉਹ ਸੋਚਦਾ ਸੀ ਕਿ ਕੁਦਰਤ ਨੂੰ ਜੋ ਮਨਜ਼ੂਰ ਸੀ ਉਸ ਨੇ ਕਰ ਲਿਆ।

ਉੱਤਮ ਸਿੰਘ ਨੇ ਆਪਣੇ ਦਿਲ ਦੀ ਸਾਰੀ ਗੱਲ ਮਾਤਾ, ਭਰਾ, ਭਰਜਾਈ ਤੇ ਆਪਣੀ ਪਿਆਰੀ ਭੈਣ ਪਰੇਮ ਕੌਰ ਨੂੰ ਦੱਸ ਦਿੱਤੀ। ਹੌਲੀ-ਹੌਲੀ ਸਭ ਦੀ ਸਲਾਹ ਬਣੀ ਕਿ ਉੱਤਮ ਸਿੰਘ ਨੂੰ ਹਰ ਹੀਲੇ ਕੈਨੇਡਾ ਭੇਜ ਦਿੱਤਾ ਜਾਵੇ ਤੇ ਫਿਰ ਇਕ ਦਿਨ ਉੱਤਮ ਸਿੰਘ ਕੈਨੇਡਾ ਦੀ ਧਰਤੀ ਉੱਤੇ ਜਾ ਉਤਰਿਆ।

# ਬਦਲਦੇ ਹਾਲਾਤ ਤੇ ਉੱਤਮ ਸਿੰਘ ਹਾਂਸ

1906 ਈ: ਤੋਂ ਪਿੱਛੋਂ ਭਾਰਤੀ ਲੋਕ ਅਮਰੀਕਾ ਤੇ ਕੈਨੇਡਾ ਵਿਚ ਜ਼ਿਆਦਾ ਜਾਣ ਲੱਗ ਪਏ ਸਨ। ਉੱਤਮ ਸਿੰਘ ਹਾਂਸ ਵੀ ਰੋਜ਼ੀ ਰੋਟੀ ਦੀ ਭਾਲ ਵਿਚ ਕੈਨੇਡਾ ਪਹੁੰਚ ਗਿਆ ਸੀ। ਉਸ ਵੇਲੇ ਭਾਰਤ ਉੱਤੇ ਅੰਗਰੇਜ਼ਾਂ ਦਾ ਰਾਜ ਸੀ। ਭਾਰਤ ਤੋਂ ਖਾਸ ਕਰਕੇ ਪੰਜਾਬ ਵਿਚੋਂ ਜ਼ਿਆਦਾ ਲੋਕ ਬਾਹਰਲੇ ਦੇਸ਼ ਪਹੁੰਚੇ ਸਨ। ਇਨ੍ਹਾਂ ਵਿਚੋਂ ਵੀ ਬਹੁਤੇ ਫੌਜੀ ਸਨ। ਸਾਡੇ ਲੋਕ ਇਹ ਸਮਝਦੇ ਸਨ ਕਿ ਉਨ੍ਹਾਂ ਨੇ 1857 ਈ: ਦੇ ਗ਼ਦਰ ਸਮੇਂ ਅੰਗਰੇਜ਼ਾਂ ਦੀ ਮੱਦਦ ਕੀਤੀ ਸੀ। ਉਨ੍ਹਾਂ ਦੀ ਖਾਤਰ ਬਾਹਰਲੇ ਦੇਸ਼ਾਂ ਵਿਚ ਜਾ ਕੇ ਜੰਗਾਂ ਵਿਚ ਭਾਗ ਲਿਆ ਸੀ। ਅੰਗਰੇਜ਼ੀ ਸਰਕਾਰ ਸਾਡੀ ਆਪਣੀ ਸਰਕਾਰ ਹੈ। ਅੰਗਰੇਜ਼ੀ ਸਰਕਾਰ ਸਾਡੀ ਹਰ ਪਾਸਿਉਂ ਮੱਦਦ ਕਰੇਗੀ ਪਰ ਅਮਰੀਕਾ, ਕੈਨੇਡਾ ਤੇ ਹੋਰ ਮੁਲਕਾਂ ਵਿਚ ਇਸ ਦੇ ਉਲਟ ਹੋਇਆ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਦੀਪ ਦਾ ਪੱਛਮੀ ਕੰਢਾ ਅਬਾਦ ਕੀਤਾ ਜਾ ਰਿਹਾ ਸੀ। ਅਮਰੀਕਾ ਦੀਆਂ ਔਰੇਗਨ ਤੇ ਵਾਸ਼ਿੰਗਟਨ ਰਿਆਸਤਾਂ ਅਤੇ ਕੈਨੇਡਾ ਦਾ ਬਰਤਾਨਵੀ ਕੋਲੰਬੀਆ ਸੂਬਾ ਵਸਾਏ ਜਾ ਰਹੇ ਸਨ। ਸ਼ਹਿਰ ਤੇ ਕਸਬੇ ਅਬਾਦ ਕੀਤੇ ਜਾ ਰਹੇ ਸਨ। ਰੇਲਾਂ ਤੇ ਸੜਕਾਂ ਕੱਢਣ ਦਾ ਕੰਮ ਚੱਲ ਰਿਹਾ ਸੀ। ਜੰਗਲ ਕੱਟੇ ਜਾ ਰਹੇ ਸਨ। ਖੇਤ ਅਬਾਦ ਹੋ ਰਹੇ ਸਨ, ਜ਼ਮੀਨਾਂ ਦੀ ਸਫਾਈ ਕੀਤੀ ਜਾ ਰਹੀ ਸੀ। ਇਨ੍ਹਾਂ ਕੰਮਾਂ ਲਈ ਮਜ਼ਦੂਰਾਂ ਦੀ ਵਧੇਰੇ ਲੋੜ ਸੀ। ਮਜ਼ਦੂਰ ਚੀਨ, ਜਾਪਾਨ ਤੇ ਪੰਜਾਬ ਤੋਂ ਵੱਧ ਪਹੁੰਚ ਰਹੇ ਸਨ। ਪੰਜਾਬੀ ਮਜ਼ਦੂਰ ਜ਼ਿਆਦਾ ਤਕੜੇ ਸਨ। ਉਹ ਹਿੱਕ ਡਾਹ ਕੇ ਕੰਮ ਕਰਦੇ। ਇਸ ਕਰਕੇ ਪੰਜਾਬੀ ਮਜ਼ਦੂਰਾਂ ਦੀ ਮੰਗ ਵਧ ਰਹੀ ਸੀ। ਚੀਨੀ, ਜਪਾਨੀ ਤੇ ਗੋਰੇ ਮਜ਼ਦੂਰ ਭਾਰਤੀ ਮਜ਼ਦੂਰਾਂ ਨਾਲ ਈਰਖਾ ਕਰਨ ਲੱਗੇ। ਇਹ ਈਰਖਾ ਦਿਨੋ ਦਿਨ ਵਧਣ ਲੱਗੀ। ਗੋਰੇ ਮਜ਼ਦੂਰ ਭਾਰਤੀ ਮਜ਼ਦੂਰਾਂ ਨਾਲ ਨਸਲੀ ਵਿਤਕਰਾ ਕਰਦੇ। ਲੜਾਈਆਂ ਹੋਣ ਲੱਗੀਆਂ।

ਭਾਰਤੀ ਮਜ਼ਦੂਰ ਤਾਂ ਆਪਣੇ ਦੇਸ਼ ਤੋਂ ਭੁੱਖੇ ਮਰਦੇ ਬਾਹਰ ਚੰਗੀ ਕਮਾਈ ਕਰਨ ਲਈ ਗਏ ਸਨ। ਪਰ ਉਥੇ ਵਿਤਕਰੇ ਦਾ ਸ਼ਿਕਾਰ ਹੋ ਗਏ। ਗੋਰੇ ਮਜ਼ਦੂਰ ਇਨ੍ਹਾਂ ਨੂੰ ਗੁਲਾਮ ਆਖ ਕੇ ਚਿੜਾਉਂਦੇ। ਉਥੋਂ ਦੇ ਹੋਟਲ ਸਾਡੇ ਲੋਕਾਂ ਨੂੰ ਅੰਦਰ ਨਾ ਜਾਣ ਦਿੰਦੇ। ਬੱਸਾਂ ਵਿਚ ਮੂਹਰਲੀਆਂ ਸੀਟਾਂ ਉਤੇ ਬੈਠਣ ਨਾ ਦਿੱਤਾ ਜਾਂਦਾ। ਇਸ ਤੋਂ ਵੀ ਵੱਡੀ ਗੱਲ ਕਿ ਜਪਾਨੀ ਤੇ ਚੀਨੀ ਮਜ਼ਦੂਰਾਂ ਦੀ ਫਰਿਆਦ ਤਾਂ ਉਥੋਂ ਦੀ ਸਰਕਾਰ ਸੁਣਦੀ ਪਰ

ਸਾਡੇ ਮਜ਼ਦੂਰਾਂ ਦੀ ਕੋਈ ਸੁਣਵਾਈ ਨਾ ਹੁੰਦੀ। ਸਿੱਟੇ ਵਜੋਂ ਸਾਡੇ ਮਜ਼ਦੂਰਾਂ ਦੀ ਗੋਰੇ ਮਜ਼ਦੂਰ ਕੁੱਟਮਾਰ ਕਰ ਜਾਂਦੇ। ਇਨ੍ਹਾਂ ਨੂੰ ਕੰਮਾਂ ਉੱਤੇ ਨਾ ਜਾਣ ਦਿੰਦੇ। ਖੇਤਾਂ ਵਿਚ, ਜੰਗਲਾਂ ਵਿਚ, ਮਿੱਲਾਂ ਵਿਚ ਤੇ ਹੋਰ ਥਾਵਾਂ ਉੱਤੇ ਪੰਜਾਬੀ ਮਜ਼ਦੂਰਾਂ ਉੱਤੇ ਹਮਲੇ ਵਧਣ ਲੱਗੇ।

ਉੱਤਮ ਸਿੰਘ ਨੇ ਕੈਨੇਡਾ ਵਿਚ ਪਹਿਲਾਂ ਜ਼ਮੀਨ ਪੱਧਰ ਕਰਨ ਵਾਲੀ ਇਕ ਕੰਪਨੀ ਵਿਚ ਕੰਮ ਕੀਤਾ। ਇਸ ਪਿੱਛੋਂ ਇੱਕ ਲੱਕੜ ਮਿੱਲ ਵਿਚ ਵੀ ਕੰਮ ਕੀਤਾ ਤੇ ਫਿਰ ਉਹ ਵੈਨਕੂਵਰ ਵਿਚ ਆ ਗਏ। ਆਸੇ ਪਾਸੇ ਵੀ ਕੰਮ ਕਰਦੇ ਰਹੇ। ਇਸ ਸਮੇਂ ਦੌਰਾਨ ਉੱਤਮ ਸਿੰਘ ਨੇ ਕੈਨੇਡਾ ਦੇ ਹਾਲਾਤ ਚੰਗੀ ਤਰ੍ਹਾਂ ਵੇਖ ਲਏ। ਕੈਨੇਡਾ ਸਰਕਾਰ ਦਾ ਵਤੀਰਾ ਵੀ ਵੇਖ ਲਿਆ ਤੇ ਭਾਰਤੀ ਮਜ਼ਦੂਰਾਂ ਦੀ ਦੁਰਦਸ਼ਾ ਵੀ ਵੇਖ ਲਈ।

ਇਸ ਸਮੇਂ ਅਮਰੀਕਾ ਤੇ ਕੈਨੇਡਾ ਵਿਚ ਸਰਮਾਏਦਾਰ ਜਮਾਤ ਤੇ ਮਜ਼ਦੂਰ ਜਮਾਤ ਹੀ ਦੋ ਜਮਾਤਾਂ ਸਨ। ਕੈਨੇਡਾ ਵਿਚ ਬਰਤਾਨੀਆ ਵਾਂਗ ਲਿਬਰਲ ਤੇ ਕੰਜ਼ਰਵੇਟਿਵ ਦੋ ਹੀ ਪਾਰਟੀਆਂ ਸਨ। ਸੋਸ਼ਲਿਸਟ ਪਾਰਟੀ ਹਾਲੇ ਤਕੜੀ ਨਹੀਂ ਸੀ। ਲਿਬਰਲ ਪਾਰਟੀ ਉਸ ਵੇਲੇ ਹਕੂਮਤ ਵਿਚ ਸੀ। ਬਰਿਟਸ਼ ਕੋਲੰਬੀਆ ਵਿਚ ਕੰਜ਼ਰਵੇਟਿਵ ਪਾਰਟੀ ਦਾ ਜ਼ੋਰ ਸੀ। ਕੰਜ਼ਰਵੇਟਿਵ ਪਾਰਟੀ ਗੋਰੇ ਮਜ਼ਦੂਰਾਂ ਨੂੰ ਆਪਣੇ ਹੱਕ ਵਿਚ ਰੱਖਣ ਲਈ ਭਾਰਤੀ ਮਜ਼ਦੂਰਾਂ ਦੀ ਅਣਦੇਖੀ ਕਰ ਰਹੀ ਸੀ। ਸਿੱਟੇ ਵਜੋਂ ਕੈਨੇਡਾ ਜਾਣ ਲਈ ਭਾਰਤੀਆਂ ਲਈ ਔਖਾ ਹੋ ਗਿਆ। ਸਿੱਧਾ ਜਾਣਾ ਬੰਦ ਹੋ ਗਿਆ। ਦੋ ਸੌ ਡਾਲਰ ਨਕਦ ਹੋਣ ਦੀ ਸ਼ਰਤ ਲੱਗ ਗਈ। ਪੰਜਾਬੀ ਵੀਰਾਂ ਨੂੰ ਹੁਣ ਅਹਿਸਾਸ ਹੋਣ ਲੱਗਾ ਕਿ ਵਿਦੇਸ਼ੀ ਸਰਕਾਰ ਦੇ ਅਸੀਂ ਕੁਝ ਨਹੀਂ ਲੱਗਦੇ। ਜਾਪਾਨੀ ਤੇ ਚੀਨੀ ਮਜ਼ਦੂਰਾਂ ਦੀ ਸੁਣਵਾਈ ਹੋ ਰਹੀ ਹੈ ਤਾਂ ਪੰਜਾਬੀਆਂ ਦੀ ਕਿਉਂ ਨਹੀਂ?

ਅਮਰੀਕਾ ਤੇ ਕੈਨੇਡਾ ਮੁਲਕਾਂ ਵਿਚ ਕੁਝ ਅੰਤਰ ਸੀ। ਕੈਨੇਡਾ ਉਸ ਵੇਲੇ ਬਰਤਾਨੀਆ ਦੀ ਇਕ ਬਸਤੀ ਸੀ ਪਰ ਅਮਰੀਕਾ ਵਾਂਗ ਕੈਨੇਡਾ ਵਿਚ ਸਾਡੇ ਲੋਕ ਨਸਲੀ ਵਿਤਕਰੇ ਦਾ ਵੱਧ ਸ਼ਿਕਾਰ ਸਨ। ਇਸ ਕਰਕੇ ਕੈਨੇਡਾ ਵਿਚ ਵੀ ਅੰਗਰੇਜ਼ਾਂ ਵਿਰੁੱਧ ਲਗਾਤਾਰ ਰੋਸ ਵਧਣ ਲੱਗਾ।

1906 ਦੇ ਅੱਧ ਵਿਚ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਲਕ ਦੇ ਨਿਵਾਸੀ ਭਾਈ ਅਰਜਣ ਸਿੰਘ ਕੈਨੇਡਾ ਜਾਣ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਆਪਣੇ ਨਾਲ ਲੈ ਗਏ ਸਨ। ਉਨ੍ਹਾਂ ਨੇ ਹੋਰ ਸਾਥੀਆਂ ਦੀ ਮੱਦਦ ਨਾਲ ਇੱਕ ਮਕਾਨ ਕਿਰਾਏ ਉੱਤੇ ਲੈ ਕੇ ਗੁਰਦੁਆਰਾ ਸਾਹਿਬ ਬਣਵਾਇਆ। ਇਹ ਗੁਰਦੁਆਰਾ ਉਥੋਂ ਦੇ ਪੰਜਾਬੀਆਂ ਲਈ ਰਲ ਕੇ ਬੈਠਣ ਦਾ ਇਕ ਪ੍ਰਮੁੱਖ ਅਸਥਾਨ ਬਣ ਗਿਆ। ਆਪਣੇ ਨਾਲ ਹੋ ਰਹੇ ਨਸਲੀ ਵਿਤਕਰੇ ਬਾਰੇ ਵਿਚਾਰਾਂ ਕਰਦੇ, ਕੁਝ ਨਾ ਕੁਝ ਕਰਨ ਦੀਆਂ ਵਿਉਂਤਾ ਸੋਚਦੇ ਕਿਉਂਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਏਥੋਂ ਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ ਇੱਜ਼ਤ ਮਾਣ ਵਾਲਾ ਜੀਵਨ ਜਿਉਣ ਦੀ ਜਾਚ ਦੱਸੀ ਹੈ। ਲੋਕਾਂ ਨੂੰ ਇਸ ਗੁਰਦੁਆਰਾ ਸਾਹਿਬ ਤੋਂ ਆਪਣੇ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਜੂਝਣ ਦੀ ਪ੍ਰੇਰਨਾ ਮਿਲੀ।

ਕੈਨੇਡਾ ਵਿਚ ਵੱਸਦੇ ਕਈ ਅਗਾਂਹਵਧੂ ਸੋਚ ਰੱਖਣ ਵਾਲਿਆਂ ਨੇ ਭਾਰਤੀਆਂ ਨੂੰ ਸੁਚੇਤ ਕਰਨ ਲਈ ਕਈ ਪਰਚੇ ਸ਼ੁਰੂ ਕਰ ਲਏ। ਲੋਕ ਇਹ ਪਰਚੇ ਪੜ੍ਹਦੇ। ਆਪਣੇ ਨਾਲ ਹੋ ਰਹੇ ਜਬਰ ਜ਼ੁਲਮ ਦੀਆਂ ਕਥਾਵਾਂ ਪੜ੍ਹਦੇ। ਉਨ੍ਹਾਂ ਦੇ ਦਿਲਾਂ ਵਿਚ ਖ਼ੂਨ ਉਬਾਲੇ ਖਾਂਦਾ। ਦਿਨੋ ਦਿਨ ਇਹ ਰੋਸ ਵਧਦਾ ਹੀ ਗਿਆ। ਇਸ ਤਰ੍ਹਾਂ ਵਿਚਾਰਧਾਰਕ ਤਬਦੀਲੀ ਆਉਣ ਲੱਗੀ।

5 ਸਤੰਬਰ 1907 ਨੂੰ ਵਾਸ਼ਿੰਗਟਨ (ਅਮਰੀਕਾ) ਦੀ ਰਿਆਸਤ ਵਿਚ ਕੈਨੇਡਾ ਦੀ ਹੱਦ ਲਾਗੇ ਬੈਲਿੰਘਮ ਦੀਆਂ ਮਿੱਲਾਂ ਵਿਚ ਏਸ਼ੀਆਈ ਮਜ਼ਦੂਰਾਂ ਉੱਤੇ ਗੋਰਿਆਂ ਵੱਲੋਂ ਹਮਲਾ ਹੋਇਆ। ਫਿਰ ਔਰੇਗਨ ਦੇ ਕਸਬੇ ਵਿਲਹਮ ਦੇ ਲੱਕੜੀ ਦੇ ਕਾਰਖਾਨਿਆਂ ਵਿਚ ਸਾਡੇ ਮਜ਼ਦੂਰਾਂ ਉਤੇ ਹਮਲੇ ਹੋਏ। ਇਸ ਪਿੱਛੋਂ ਐਵੇਰਟ ਸ਼ਹਿਰ ਵਿਚ ਇਸੇ ਤਰ੍ਹਾਂ ਦੀ ਘਨਾ ਵਾਪਰੀ। ਲਿਵਓਕ ਵਿਚ ਵੀ ਭਾਰਤੀ ਮਜ਼ਦੂਰਾਂ ਦੀ ਕੁੱਟਮਾਰ ਕਰਕੇ ਦੁਰ ਦਸ਼ਾ ਕੀਤੀ।

ਹੌਲੀ-ਹੌਲੀ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਕਿ ਐਸਟਰੀਆ, ਟੈਕੋਆ, ਮੋਨਾਰਕ, ਲਿਨਟਨ, ਸੇਂਟ ਜਾਨ, ਪੋਰਟਲੈਂਡ, ਵਾਨਾ, ਬਰਾਈਵਿਲ, ਫੈਰੀਓਕ, ਵਿਲਹਮ, ਵੁਡਲੈਂਡ, ਬੈਲਿੰਘਮ ਤੇ ਐਵੇਰਟ ਆਦਿ ਸ਼ਹਿਰਾਂ ਤੇ ਕਸਬਿਆਂ ਦੀਆਂ ਆਰਾ ਮਿੱਲਾਂ ਤੇ ਹੋਰ ਥਾਵਾਂ ਉੱਤੇ ਭਾਰਤੀ ਮਜ਼ਦੂਰ ਹੁਣ ਵੀਹ-ਵੀਹ ਜਾਂ ਪੱਚੀ-ਪੱਚੀ ਇਕੱਠੇ ਹੋ ਕੇ ਰਹਿੰਦੇ ਤੇ ਇਕੱਠੇ ਹੋ ਕੇ ਕੰਮਾਂ ਉੱਤੇ ਜਾਂਦੇ। ਇਸੇ ਤਰ੍ਹਾਂ ਦਾ ਵਰਤਾਰਾ ਕੈਨੇਡਾ ਵਿਚ ਵਸਦੇ ਭਾਰਤੀਆਂ ਵਿਚ ਵੀ ਫੈਲ ਗਿਆ। ਭਾਗ ਸਿੰਘ ਭਿੱਖੀਵਿੰਡ, ਜੀ.ਡੀ. ਕੁਮਾਰ, ਬਲਵੰਤ ਸਿੰਘ ਖੁਰਦਪੁਰੀ ਤੇ ਹੋਰ ਸਾਥੀਆਂ ਨੇ ਇਕੱਠੇ ਹੋ ਕੇ 'ਹਿੰਦੋਸਤਾਨ ਐਸੋਸੀਏਸ਼ਨ' ਨਾਂ ਦੀ ਇਕ ਸਭਾ ਕਾਇਮ ਕੀਤੀ। ਸਵਦੇਸ਼ ਸੇਵਕ, ਪਰਦੇਸੀ ਖਾਲਸਾ ਤੇ ਕਈ ਹੋਰ ਪਰਚੇ ਸ਼ੁਰੂ ਹੋ ਗਏ। ਉੱਤਮ ਸਿੰਘ ਹਾਂਸ ਤੇ ਉਸ ਦਾ ਖਾਸ ਮਿੱਤਰ ਪਿਆਰਾ ਈਸ਼ਰ ਸਿੰਘ ਢੁੱਡੀਕੇ ਇਹ ਪਰਚੇ ਪੜ੍ਹਦੇ। ਲੋਕਾਂ ਵਿਚ ਵੰਡਦੇ।

ਜੀ.ਡੀ. ਕੁਮਾਰ ਕੈਨੇਡਾ ਤੋਂ ਸਿਆਟਲ (ਅਮਰੀਕਾ) ਵਿਚ ਜਾ ਕੇ ਰਹਿਣ ਲੱਗ ਪਏ। ਸਭ ਜਿਸ ਕਰਕੇ ਹਿੰਦੋਸਤਾਨ ਐਸੋਸੀਏਸ਼ਨ ਟੁੱਟ ਗਈ ਪਰ ਛੇਤੀ ਹੀ ਕੈਨੇਡਾ ਦੇ ਸੂਝਵਾਨ ਭਾਰਤੀਆਂ ਨੇ 'ਯੂਨਾਈਟਿਡ ਇੰਡੀਆ ਲੀਗ' ਬਣਾ ਲਈ। ਇਸ ਦੇ ਪ੍ਰਧਾਨ ਹਸਨ ਰਹੀਮ ਤੇ ਸਕੱਤਰ ਹਜਾਰਾ ਸਿੰਘ ਬਾੜੀਆਂ ਥਾਪੇ ਗਏ। ਹਸਨ ਰਹੀਮ ਪੋਰਬੰਦਰ ਕਾਠੀਆਵਾੜ ਦਾ ਰਹਿਣ ਵਾਲਾ ਸੀ। ਉਹ ਕੈਨੇਡਾ-ਇੰਡੀਅਨ ਸਪਲਾਈ ਐਂਡ ਟਰੱਸਟ ਕੰਪਨੀ ਦਾ ਮੈਨੇਜਰ ਡਾਇਰੈਕਟਰ ਬਣ ਗਿਆ ਸੀ। ਉਸ ਦੇ ਆਉਣ ਨਾਲ ਕੈਨੇਡਾ ਵਿਚ ਵੱਸਦੇ ਭਾਰਤੀਆਂ ਦੇ ਦਿਲਾਂ ਵਿਚ ਇਕ ਨਵਾਂ ਉਤਸ਼ਾਹ ਪੈਦਾ ਹੋਇਆ ਸੀ। ਭਾਰਤੀ ਭਾਈਚਾਰਾ ਜਿਥੇ ਵੀ ਇਕੱਠਾ ਹੁੰਦਾ। ਉੱਤਮ ਸਿੰਘ ਹਾਂਸ ਉਥੇ ਜ਼ਰੂਰ ਪਹੁੰਚ ਜਾਂਦਾ। ਉਸ ਦੇ ਦਿਲ ਵਿਚ ਆਪਣੇ ਦੇਸ਼ ਵਾਸੀਆਂ ਲਈ ਕੁਝ ਨਾ ਕੁਝ ਕਰਨ ਦੀ ਭਾਵਨਾ ਦਿਲੋ ਦਿਨ ਪ੍ਰਬਲ ਹੁੰਦੀ ਗਈ।

# ਉੱਤਮ ਸਿੰਘ ਹਾਂਸ ਗ਼ਦਰ ਪਾਰਟੀ ਵਿਚ ਸ਼ਾਮਲ

ਅਮਰੀਕਾ ਵਿਚ ਰਹਿੰਦੇ ਰੌਸ਼ਨ ਦਿਮਾਗ ਤੇ ਦੂਰ ਅੰਦੇਸ਼ੀ ਭਾਰਤੀ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ, ਜਵਾਲਾ ਸਿੰਘ ਠੱਠੀਆਂ, ਹਰਨਾਮ ਸਿੰਘ, ਅਮਰ ਸਿੰਘ, ਕਾਂਸ਼ੀ ਰਾਮ ਮੜੌਲੀ, ਰਾਮ ਰੱਖਾ, ਕੇਸਰ ਸਿੰਘ ਠਠਗੜ੍ਹ, ਊਧਮ ਸਿੰਘ ਕਸੇਲ, ਰੂੜ ਸਿੰਘ ਚੂਹੜਚੱਕ, ਮੁਨਸ਼ੀ ਕਰੀਮ ਬਖਸ਼, ਠਾਕਰ ਦਾਸ ਧੂਰਾ, ਗਾਂਧਾ ਸਿੰਘ ਕੱਚਰਭੰਨ, ਨਿਧਾਨ ਸਿੰਘ ਚੁੱਘਾ, ਵਿਸਾਖਾ ਸਿੰਘ ਦਦੇਹਰ, ਕਰਤਾਰ ਸਿੰਘ ਦੁੱਕੀ, ਸੰਤੋਖ ਸਿੰਘ, ਕਰਮ ਸਿੰਘ ਚੀਮਾ, ਪਿਰਥੀ ਸਿੰਘ, ਰੁਲੀਆ ਸਿੰਘ ਸਰਾਭਾ, ਕਰਤਾਰ ਸਿੰਘ ਸਰਾਭਾ ਤੇ ਹੋਰ ਬਹੁਤ ਸਾਰੇ ਨੌਜਵਾਨਾਂ ਨੇ 1912 ਤੋਂ ਵਿਚਾਰ ਵਟਾਂਦਰਾ ਕਰਦਿਆਂ ਅਪ੍ਰੈਲ 1913 ਵਿਚ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਇਕ ਜਥੇਬੰਦੀ ਦਾ ਗਠਨ ਕੀਤਾ। ਇਸ ਜੱਥੇਬੰਦੀ ਨੇ ਭਾਰਤ ਵਾਸੀਆਂ ਨੂੰ ਜਾਗਰੂਕ ਕਰਨ ਲਈ ਇੱਕ 'ਗ਼ਦਰ' ਨਾਂ ਦਾ ਪਰਚਾ ਕੱਢਿਆ। ਉਸ ਜਥੇਬੰਦੀ ਦਾ ਉਦੇਸ਼ ਸੀ ਕਿ ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਮੁਕਤ ਕਰਵਾ ਕੇ ਹਰ ਹੀਲੇ ਇਸ ਨੂੰ ਅਜ਼ਾਦ ਕਰਵਾਉਣਾ ਹੈ।

ਗ਼ਦਰ ਪਰਚਾ ਕੁਝ ਹਫਤਿਆਂ ਬਾਅਦ ਹੀ ਪੰਜਾਬੀ ਭਾਸ਼ਾ ਵਿਚ ਛਪਣਾ ਸ਼ੁਰੂ ਹੋ ਗਿਆ। ਛੇਤੀ ਹੀ ਗ਼ਦਰ ਮਨੀਲਾ, ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਰੰਗੂਨ, ਚੀਨ, ਰੂਸ, ਭਾਰਤ ਤੇ ਕੈਨੇਡਾ ਵਰਗੇ ਮੁਲਕਾਂ ਵਿਚ ਜਾਣ ਲੱਗ ਪਿਆ। ਜੱਥੇਬੰਦੀ ਦੇ ਗਠਨ ਤੇ ਗ਼ਦਰ ਅਖ਼ਬਾਰ ਨੇ ਕੈਨੇਡਾ ਵਿਚ ਵੀ ਭਾਰਤੀ ਲੋਕਾਂ ਨੂੰ ਹਲੂਣਾ ਦੇ ਦਿੱਤਾ। ਉੱਤਮ ਸਿੰਘ ਹਾਂਸ ਤੇ ਉਸ ਦੇ ਸਾਥੀ ਗ਼ਦਰ ਪਰਚਾ ਮੰਗਵਾ ਕੇ ਪੜ੍ਹਦੇ। ਗ਼ਦਰ ਲਈ ਚੰਦਾ ਭੇਜਦੇ। 'ਗ਼ਦਰ' ਪਰਚੇ ਦੇ ਕਾਰਨ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਦਾ ਨਾਂ ਲੋਕਾਂ ਨੇ ਆਪ ਮੁਹਾਰੇ 'ਗ਼ਦਰ ਪਾਰਟੀ' ਪਾ ਲਿਆ। ਇਸ ਦੀਆਂ ਵੱਖ-ਵੱਖ ਦੇਸ਼ਾਂ ਵਿਚ ਸ਼ਾਖਾਵਾਂ ਬਣ ਗਈਆਂ। ਲੋਕ ਗ਼ਦਰ ਪਾਰਟੀ ਨਾਲ ਜੁੜਨ ਲੱਗੇ। ਗ਼ਦਰ ਪਾਰਟੀ ਦਾ ਪ੍ਰੋਗਰਾਮ ਪੜ੍ਹਦਿਆਂ ਉੱਤਮ ਸਿੰਘ ਹਾਂਸ ਵੀ ਗ਼ਦਰ ਪਾਰਟੀ ਨਾਲ ਜੁੜ ਗਿਆ।

ਉੱਤਮ ਸਿੰਘ ਹਾਂਸ ਦਾ ਇੱਕ ਪੱਕਾ ਮਿੱਤਰ ਪਿਆਰਾ ਸੀ ਈਸ਼ਰ ਸਿੰਘ ਢੁੱਡੀਕੇ। ਦੋਵੇਂ ਹੁਣ ਹੋਰ ਸਾਥੀਆਂ ਨੂੰ ਪਰੇਰ ਕੇ ਗ਼ਦਰ ਪਾਰਟੀ ਨਾਲ ਜੋੜਦੇ। ਗ਼ਦਰ ਪਰਚਾ ਮੰਗਵਾਉਂਦੇ। ਪਰਚਾ ਲੋਕਾਂ ਵਿਚ ਵੰਡਦੇ। ਭਾਰਤ ਦੀ ਗੁਲਾਮੀ ਵਿਰੁੱਧ ਲੋਕਾਂ ਦਾ ਉਤਸ਼ਾਹ ਵੇਖ ਕੇ ਦੋਹਾਂ ਸਾਥੀਆਂ ਨੂੰ ਇਕ ਉਤਸ਼ਾਹ ਮਿਲਦਾ। ਹੌਲੀ-ਹੌਲੀ ਕੈਨੇਡਾ ਦੇ ਬਹੁਤ ਸ਼ਹਿਰਾਂ ਵਿਚ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਬਣ ਗਈਆਂ। ਉੱਤਮ ਸਿੰਘ

ਹਾਂਸ ਤੇ ਈਸ਼ਰ ਸਿੰਘ ਢੁੱਡੀਕੇ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਵਿਚ ਹਾਜ਼ਰ ਹੁੰਦੇ। ਗ਼ਦਰ ਪਾਰਟੀ ਲਈ ਤੇ ਗ਼ਦਰ ਅਖ਼ਬਾਰ ਲਈ ਫੰਡ ਇਕੱਠਾ ਕਰਕੇ ਭੇਜਦੇ। ਪਾਰਟੀ ਪ੍ਰੋਗਰਾਮ ਦਾ ਖੁੱਲ੍ਹ ਕੇ ਪ੍ਰਚਾਰ ਕਰਦੇ। ਗ਼ਦਰ ਅਖ਼ਬਾਰ ਵਿਚ ਛਪਦੇ ਲੇਖ ਤੇ ਕਵਿਤਾਵਾਂ ਲੋਕਾਂ ਨੂੰ ਪੜ੍ਹ ਕੇ ਸੁਣਾਉਂਦੇ। ਦੋਵੇਂ ਸਾਥੀ ਪੰਜਾਬੀ ਭਾਸ਼ਾ ਬਹੁਤ ਚੰਗੀ ਤਰ੍ਹਾਂ ਪੜ੍ਹ ਲਿਖ ਲੈਂਦੇ ਸਨ। ਗ਼ਦਰ ਦੀਆਂ ਬਹੁਤੀਆਂ ਕਵਿਤਾਵਾਂ ਉਨ੍ਹਾਂ ਨੂੰ ਜ਼ਬਾਨੀ ਯਾਦ ਹੋ ਗਈਆਂ ਸਨ।

ਦੇਸ਼ ਪੈਣ ਧੱਕੇ, ਪਰਦੇਸ ਢੋਈ ਨਾ।<br>
ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ।

ਇਸ ਤਰ੍ਹਾਂ ਦੀਆਂ ਕਵਿਤਾਵਾਂ ਨਾਲ ਉਹ ਲੋਕਾਂ ਨੂੰ ਹਲੂਣ ਕੇ ਰੱਖ ਦਿੰਦੇ।

ਹੁਣ ਤਾਂ ਉੱਤਮ ਸਿੰਘ ਹਾਂਸ ਨੇ ਈਸ਼ਰ ਸਿੰਘ ਢੁੱਡੀਕੇ ਵਰਗੇ ਸਾਥੀਆਂ ਨਾਲ ਮਿਲ ਕੇ ਹਿੰਦੋਸਤਾਨ ਦੀ ਅਜ਼ਾਦੀ ਲਈ ਸੰਘਰਸ਼ ਕਰਨ ਨੂੰ ਹੀ ਆਪਣਾ ਪੱਕਾ ਉਦੇਸ਼ ਬਣਾ ਲਿਆ। ਦੇਸ਼ ਦੀ ਅਜ਼ਾਦੀ ਲਈ ਉਹ ਹਰ ਕੁਰਬਾਨੀ ਦੇਣ ਨੂੰ ਤਿਆਰ ਸੀ। ਗ਼ਦਰ ਪਾਰਟੀ ਦਾ ਪ੍ਰੋਗਰਾਮ ਉਸ ਨੂੰ ਬਹੁਤ ਅੱਛਾ ਲੱਗਦਾ ਸੀ। ਇਹੀ ਉਸ ਦੇ ਜੀਵਨ ਦਾ ਮੁੱਖ ਆਦਰਸ਼ ਬਣ ਗਿਆ। ਗ਼ਦਰ ਪਾਰਟੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਸਰਕਾਰ ਤੋਂ ਹਿੰਦੋਸਤਾਨ ਨੂੰ ਅਜ਼ਾਦ ਕਰਵਾ ਕੇ ਬਰਾਬਰੀ ਦੀ ਬੁਨਿਆਦ ਉਤੇ ਇਕ ਕੌਮੀ ਜਮਹੂਰੀਅਤ ਕਾਇਮ ਕਰਨਾ ਸੀ। ਪਾਰਟੀ ਵਿਚ ਮਜ਼ਬੀ ਬਹਿਸਾਂ ਨੂੰ ਕੋਈ ਥਾਂ ਨਹੀਂ। ਮਜ਼ਬ ਹਰ ਇੱਕ ਦਾ ਆਪੋ ਆਪਣਾ। ਉੱਤਮ ਸਿੰਘ ਹਾਂਸ ਨੂੰ ਗ਼ਦਰ ਪਾਰਟੀ ਦਾ ਪ੍ਰੋਗਰਾਮ ਜਾਨੋ ਵੱਧ ਪਿਆਰਾ ਲੱਗਦਾ। ਉਹ ਹੁਣ ਦਿਨ ਰਾਤ ਗ਼ਦਰ ਪਾਰਟੀ ਲਈ ਕੰਮ ਕਰਦਾ। ਦੂਰ-ਦੂਰ ਤੱਕ ਜਾਂਦਾ। ਉਸ ਨੂੰ ਹੌਂਸਲਾ ਸੀ ਕਿ ਕੈਨੇਡਾ ਵਿਚ ਵੱਸਦੇ ਭਾਰਤੀ ਗ਼ਦਰ ਪਾਰਟੀ ਨਾਲ ਦਿਲੋਂ ਜੁੜ ਰਹੇ ਹਨ।

# ਭਾਈ ਭਗਵਾਨ ਸਿੰਘ ਨਾਲ ਕੈਨੇਡਾ ਸਰਕਾਰ ਦੀ ਧੱਕੇਸ਼ਾਹੀ

ਭਾਈ ਭਗਵਾਨ ਸਿੰਘ 21 ਜੂਨ 1913 ਨੂੰ ਨੱਥਾ ਸਿੰਘ ਦੇ ਫਰਜ਼ੀ ਨਾਂ ਹੇਠ ਕੈਨੇਡਾ ਦੇ ਸ਼ਹਿਰ ਵੈਨਕੂਵਰ ਆਇਆ ਸੀ। ਉਸ ਨੂੰ ਕੈਨੇਡਾ ਲਿਆਉਣ ਵਿਚ ਕੈਨੇਡਾ ਦਾ ਬਦਨਾਮ ਅਫ਼ਸਰ ਹਾਪਕਿਨਸਿਨ ਤੇ ਬੇਲਾ ਸਿੰਘ ਜਿਆਣ ਦਾ ਹੱਥ ਸੀ। ਇਨ੍ਹਾਂ ਦੋਹਾਂ ਦਾ ਉਦੇਸ਼ ਸੀ ਕਿ ਭਗਵਾਨ ਸਿੰਘ ਨੂੰ ਕੈਨੇਡਾ ਵਿਚ ਵੱਸਦੇ ਭਾਰਤੀ ਦੇਸ਼ ਭਗਤਾਂ ਦੇ ਵਿਰੁੱਧ ਵਰਤ ਸਕਾਂਗੇ ਪਰ ਭਗਵਾਨ ਸਿੰਘ ਇਨ੍ਹਾਂ ਦੋਹਾਂ ਦਾ ਉਸਤਾਦ ਨਿਕਲਿਆ। ਕੈਨੇਡਾ ਜਾਣ ਸਾਰ ਭਗਵਾਨ ਸਿੰਘ ਉਥੋਂ ਦੀ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਬੋਲਣ ਲੱਗ ਪਿਆ। ਉਹ ਇਸ ਤੋਂ ਵੀ ਪਹਿਲਾਂ ਕੈਨੇਡਾ ਵਿਚ ਆ ਚੁੱਕਾ ਸੀ। ਉਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਭਾਰਤੀਆਂ ਨੂੰ ਉਥੇ ਜ਼ਲੀਲ ਕੀਤਾ ਜਾਂਦਾ ਹੈ। ਕੁੱਟਿਆ ਮਾਰਿਆ ਜਾਂਦਾ ਹੈ। ਗੋਰੇ ਮਜ਼ਦੂਰ ਭਾਰਤੀਆਂ ਨੂੰ ਤੰਗ ਕਰਦੇ ਹਨ। ਭਾਰਤੀ ਮਜ਼ਦੂਰਾਂ ਦੀ ਸੁਣਵਾਈ ਵੀ ਕੋਈ ਨਹੀਂ।

ਭਾਈ ਭਗਵਾਨ ਸਿੰਘ ਦਾ ਜਨਮ ਜ਼ਿਲ੍ਹਾ ਤਰਨਤਾਰਨ (ਉਦੋਂ ਅੰਮ੍ਰਿਤਸਰ) ਵਿਚ ਸਰਹਾਲੀ ਲਾਗੇ ਵੜਿੰਗ ਪਿੰਡ ਵਿਚ ਹੋਇਆ ਸੀ। ਉਹ ਬੜੇ ਤਕੜੇ ਜੁੱਸੇ ਦਾ ਮਾਲਕ ਸੀ। ਮੁਢਲੀ ਉਮਰ ਵਿਚ ਭਲਵਾਨੀ ਵੀ ਕਰਦਾ ਰਿਹਾ ਸੀ। ਉਸ ਨੇ ਬੁੱਧੀਮਾਨੀ ਤੇ ਗਿਆਨੀ ਪਾਸ ਕੀਤੀ ਸੀ। ਭਾਸ਼ਣ ਦੇਣ ਦਾ ਬੜਾ ਮਾਹਿਰ ਸੀ। ਕਵਿਤਾ ਬਹੁਤ ਵਧੀਆ ਲਿਖਦਾ ਸੀ। ਕੁਝ ਸਮਾਂ ਹਾਂਗਕਾਂਗ ਦੇ ਇੱਕ ਗੁਰਦੁਆਰੇ ਵਿਚ ਗ੍ਰੰਥੀ ਵਜੋਂ ਵੀ ਸੇਵਾ ਕਰਦਾ ਰਿਹਾ ਸੀ। ਭਾਰਤ ਨੂੰ ਹਰ ਹੀਲੇ ਅਜ਼ਾਦ ਕਰਵਾਉਣਾ ਚਾਹੁੰਦਾ ਸੀ।

ਭਗਵਾਨ ਸਿੰਘ ਨੇ ਕੈਨੇਡਾ ਆ ਕੇ ਭਾਰਤੀ ਮਜ਼ਦੂਰਾਂ ਵਿਚ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਤੁਸੀਂ ਦਸ-ਦਸ, ਵੀਹ-ਵੀਹ ਬੰਦੇ ਇਕੱਠੇ ਹੋ ਕੇ ਰਹੋ। ਇਕੱਠੇ ਹੋ ਕੇ ਕੰਮਾਂ ਉੱਤੇ ਜਾਓ। ਆਪੋ ਆਪਣੇ ਹੱਥਾਂ ਵਿਚ ਸੋਟੇ ਰੱਖੋ। ਜੇਕਰ ਗੋਰੇ ਮਜ਼ਦੂਰ ਹਮਲਾ ਕਰਨ ਤਾਂ ਮਾਰ-ਮਾਰ ਸੋਟੇ ਗੋਰਿਆਂਦਾ ਮੂੰਹ ਭੰਨ ਦਿਓ। ਕਿਸੇ ਤੋਂ ਡਰਨ ਦੀ ਲੋੜ ਨਹੀਂ।

ਉੱਤਮ ਸਿੰਘ ਹਾਂਸ ਤੇ ਉਸਦੇ ਸਾਥੀਆਂ ਨੇ ਭਾਈ ਭਗਵਾਨ ਸਿੰਘ ਦੇ ਭਾਸ਼ਣ ਸੁਣੇ। ਉਨ੍ਹਾਂ ਦਾ ਜਿਵੇਂ ਸੇਰ ਸੇਰ ਲਹੂ ਵਧ ਗਿਆ। ਭਗਵਾਨ ਸਿੰਘ ਛੇਤੀ ਹੀ ਭਾਰਤੀ ਮਜ਼ਦੂਰਾਂ ਦਾ ਹਰਮਨ ਪਿਆਰਾ ਆਗੂ ਬਣ ਗਿਆ। ਭਾਰਤੀ ਇੱਕ ਚੰਗੇ ਜੱਥੇਬੰਦਕ ਰੂਪ ਵਿਚ ਇਕੱਠੇ ਹੋਣ ਲੱਗੇ। ਉਧਰ ਹਾਪਕਿਨਸਿਨ ਤੇ ਬੇਲਾ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਾਰਾ ਕੁਝ ਉਨ੍ਹਾਂ ਦੀ ਸੋਚ ਦੇ ਉਲਟ ਹੋ ਗਿਆ। ਅਖੀਰ ਭਗਵਾਨ ਸਿੰਘ ਨੂੰ

ਹਰਨਾਮ ਸਿੰਘ ਸਾਹਰੀ ਦੇ ਘਰੋਂ ਰਾਤ ਸਮੇਂ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਇੱਕ ਸਾਜਿਸ਼ ਅਧੀਨ ਧੱਕੇ ਨਾਲ ਹਾਂਗਕਾਂਗ ਜਾਣ ਵਾਲੇ ਜਹਾਜ਼ ਵਿਚ ਬਿਠਾ ਦਿੱਤਾ।

ਕੈਨੇਡਾ ਸਰਕਾਰ ਵੱਲੋਂ ਭਾਈ ਭਗਵਾਨ ਸਿੰਘ ਉਤੇ ਜੋ ਜਬਰ ਢਾਹਿਆ ਗਿਆ ਸੀ ਉਸ ਦਾ ਭਾਰਤੀ ਲੋਕਾਂ ਉੱਤੇ ਬਹੁਤ ਅਸਰ ਹੋਇਆ। ਉੱਤਮ ਸਿੰਘ ਦੇ ਦਿਲ ਅੰਦਰ ਬਹੁਤ ਰੋਸ ਜਾਗ ਉਠਿਆ। ਉਹ ਆਪਣੇ ਸਾਥੀ ਈਸ਼ਰ ਸਿੰਘ ਢੁੱਡੀਕੇ, ਪਾਖਰ ਸਿੰਘ, ਹਰਨਾਮ ਸਿੰਘ ਸਾਹਰੀ ਤੇ ਸੇਠ ਰਾਮ ਰਹੀਮ ਨਾਲ ਮਿਲ ਕੇ ਲੋਕਾਂ ਵਿਚ ਪ੍ਰਚਾਰ ਕਰਦੇ। ਧਾਰਮਿਕ ਅਸਥਾਨਾਂ ਵਿਚ ਜਾ ਕੇ ਕੈਨੇਡਾ ਸਰਕਾਰ ਦੇ ਜ਼ੁਲਮ ਦੀ ਕਹਾਣੀ ਬਿਆਨ ਕਰਦੇ।

ਉੱਤਮ ਸਿੰਘ ਹਾਂਸ ਹੁਣ ਨਿਊ ਵੈਸਟ ਮਨਿਸਟਰ ਦੀ ਮਿੱਲ ਸਾਈਡ ਲੇਬਰ ਮਿੱਲ ਵਿਚ ਨੌਕਰੀ ਕਰਦਾ ਸੀ। ਉਸ ਨੂੰ ਹੁਣ ਇਹ ਚੰਗੀ ਤਰ੍ਹਾਂ ਅਹਿਸਾਸ ਹੋ ਗਿਆ ਸੀ ਕਿ ਭਾਰਤੀਆਂ ਦੀ ਸਭ ਪਾਸੇ ਇਸ ਕਰਕੇ ਬੇਇੱਜ਼ਤੀ ਹੋ ਰਹੀ ਹੈ ਕਿਉਂਕਿ ਅਸੀਂ ਅੰਗਰੇਜ਼ਾਂ ਦੇ ਗੁਲਾਮ ਹਾਂ। ਇਸ ਕਰਕੇ ਦੇਸ਼ ਨੂੰ ਅਜ਼ਾਦ ਕਰਵਾਉਣਾ ਹੀ ਸਾਡਾ ਧਰਮ ਹੈ। ਉਹ ਗ਼ਦਰ ਪਾਰਟੀ ਲਈ ਦਿਨ ਰਾਤ ਕੰਮ ਕਰਦੇ। ਭਾਰਤ ਵਿਚਲੇ ਆਪਣੇ ਦੋਸਤਾਂ ਨੂੰ ਵੀ ਉਹ ਗ਼ਦਰ ਅਖ਼ਬਾਰ ਭੇਜਦੇ ਸਨ।

# ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ

ਬਹੁਤ ਸਾਰੇ ਭਾਰਤੀ ਖਾਸ ਕਰਕੇ ਪੰਜਾਬੀ ਹਾਂਗਕਾਂਗ ਵਿਚ ਨਿਆਸਰੇ ਬੈਠੇ ਸਨ। ਵੀਹਵੀਂ ਸਦੀ ਦਾ ਮੁਢਲਾ ਸਮਾਂ ਸੀ। ਇਹ ਪੰਜਾਬੀ ਆਪਣੀਆਂ ਜ਼ਮੀਨਾਂ ਗਹਿਣੇ ਬੈਅ ਕਰਕੇ ਕੈਨੇਡਾ ਵਿਚ ਜਾ ਕੇ ਰੋਜ਼ੀ ਕਮਾਉਣ ਲਈ ਘਰੋਂ ਨਿਕਲੇ ਸਨ ਪਰ ਅੱਗੇ ਇਹ ਕੈਨੇਡਾ ਸਰਕਾਰ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋ ਗਏ। ਕੈਨੇਡਾ ਸਰਕਾਰ ਨੇ ਭਾਰਤੀ ਲੋਕਾਂ ਉੱਤੇ ਸਿੱਧੇ ਆਉਣ ਦੀ ਤੇ ਦੋ ਸੌ ਡਾਲਰ ਨਕਦ ਦੇਣ ਦੀ ਸ਼ਰਤ ਲਾ ਰੱਖੀ ਸੀ। ਕੋਈ ਵੀ ਜਹਾਜ਼ ਦੀ ਕੰਪਨੀ ਕੈਨੇਡਾ ਸਰਕਾਰ ਦੇ ਜ਼ੁਲਮ ਤੋਂ ਡਰਦੀ ਭਾਰਤੀ ਲੋਕਾਂ ਨੂੰ ਕੈਨੇਡਾ ਲਿਜਾਣ ਲਈ ਤਿਆਰ ਨਹੀਂ ਸੀ। ਇਸ ਔਖੇ ਸਮੇਂ ਹਾਂਗਕਾਂਗ ਵਿਚ ਨਿਆਸਰੇ ਬੈਠੇ ਪੰਜਾਬੀਆਂ ਲਈ ਗੁਰਦਿੱਤ ਸਿੰਘ ਸਰਹਾਲੀ ਮੱਦਦਗਾਰ ਬਣ ਕੇ ਬਹੁੜਿਆ। ਕਈ ਮਹੀਨਿਆਂ ਤੋਂ ਹਾਂਗਕਾਂਗ ਵਿਚ ਖੱਜਲ ਖੁਆਰ ਹੋ ਰਹੇ ਪੰਜਾਬੀਆਂ ਦੀ ਦੁਰਦਸ਼ਾ ਵੇਖ ਕੇ ਗੁਰਦਿੱਤ ਸਿੰਘ ਦਾ ਹਿਰਦਾ ਤੜਪ ਉਠਿਆ। ਉਸ ਨੇ ਇਨ੍ਹਾਂ ਬੇਸਹਾਰਿਆਂ ਦੀ ਦਿਲੋਂ ਮਦਦ ਕਰਨ ਦਾ ਮਨ ਬਣਾ ਲਿਆ।

ਗੁਰਦਿੱਤ ਸਿੰਘ ਸਰਹਾਲੀ ਪੰਜਾਬ ਦਾ ਇੱਕ ਬਹੁਤ ਵੱਡਾ ਠੇਕੇਦਾਰ ਸੀ। ਉਹ ਚੰਗੀ ਕਮਾਈ ਕਰ ਰਿਹਾ ਸੀ। ਅਸਲ ਵਿਚ ਇੱਕ ਵਾਰ ਉਹ ਮਹਾਂਰਾਸ਼ਟਰ ਵਿਚ ਰੇਲ ਰਾਹੀਂ ਸਫ਼ਰ ਕਰ ਰਿਹਾ ਸੀ। ਉਸ ਸੂਬੇ ਦੇ ਕੁਝ ਆਦਮੀ ਵੀ ਉਸ ਰੇਲ ਗੱਡੀ ਵਿਚ ਸਫ਼ਰ ਕਰ ਰਹੇ ਸਨ। ਗੁਰਦਿੱਤ ਸਿੰਘ ਦੀ ਦਾਹੜੀ ਵੇਖ ਕੇ ਕਹਿਣ ਲੱਗੇ ਕਿ ਤੁਸੀਂ ਸਿੱਖਾਂ ਨੇ 1857 ਦੀ ਅਜ਼ਾਦੀ ਦੀ ਲੜਾਈ ਸਮੇਂ ਅੰਗਰੇਜ਼ਾਂ ਦੀ ਮੱਦਦ ਕੀਤੀ ਸੀ। ਇਹ ਸਿੱਖਾਂ ਦਾ ਚੰਗਾ ਫੈਸਲਾ ਨਹੀਂ ਸੀ। ਗੁਰਦਿੱਤ ਸਿੰਘ ਕਹਿਣ ਲੱਗਾ ਕਿ ਉਹ ਤਾਂ ਮੁੱਠੀ ਭਰ ਸਿੱਖ ਸਨ ਪਰ ਸਾਰੇ ਸਿੱਖ ਅੰਗਰੇਜ਼ਾਂ ਦੇ ਮੱਦਦਗਾਰ ਨਹੀਂ ਸਨ ਪਰ ਅੰਦਰੋਂ ਗੁਰਦਿੱਤ ਸਿੰਘ ਪੂਰਾ ਹਿੱਲ ਗਿਆ ਸੀ। ਹਾਂਗਕਾਂਗ ਵਿਚ ਹੁਣ ਗੁਰਦਿੱਤ ਸਿੰਘ ਸੋਚ ਰਿਹਾ ਸੀ ਕਿ ਕੈਨੇਡਾ ਸਰਕਾਰ ਸਾਡੇ ਉੱਤੇ ਜ਼ੁਲਮ ਕਰ ਰਹੀ ਹੈ। ਅਸੀਂ ਇਸ ਦਾ ਟਾਕਰਾ ਕਰਾਂਗੇ।

ਗੁਰਦਿੱਤ ਸਿੰਘ ਨੇ ਇੱਕ ਜਾਪਾਨੀ ਕੰਪਨੀ ਤੋਂ ਭਾਰ ਢੋਣ ਵਾਲਾ ਜਹਾਜ਼ ਕਿਰਾਏ ਉੱਤੇ ਲੈ ਲਿਆ। ਇਸ ਦੇ ਨਾਲ ਕੈਨੇਡਾ ਜਾਣ ਲਈ ਰਾਹਦਾਰੀ ਤੇ ਹੋਰ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੀ। ਇੱਕ ਮਹੀਨੇ ਦਾ ਕਿਰਾਇਆ 11000 ਡਾਲਰ ਸੀ। 4 ਅਪ੍ਰੈਲ ਨੂੰ 165 ਮੁਸਾਫ਼ਰ ਲੈ ਕੇ ਜਹਾਜ਼ ਹਾਂਗਕਾਂਗ ਤੋਂ ਚੱਲ ਪਿਆ। ਜਹਾਜ਼ ਸ਼ੰਘਾਈ, ਮੌਜੀ, ਯੋਕੋਹਾਮਾ ਤੇ ਫਿਰ ਵਿਕਟੋਰੀਆ ਹੁੰਦਾ ਹੋਇਆ 23 ਮਈ ਨੂੰ ਕੈਨੇਡਾ

ਦੀ ਬੰਦਰਗਾਹ ਵੈਨਕੂਵਰ ਪਹੁੰਚ ਗਿਆ। ਜਹਾਜ਼ ਵਿਚ ਹੁਣ 376 ਮੁਸਾਫ਼ਰ ਸਵਾਰ ਸਨ। ਗੁਰਮੁਖ ਸਿੰਘ ਲਲਤੋਂ ਦੇ ਨਾਲ ਪਿੰਡ ਢੁੱਡੀਕੇ ਦੇ ਪੰਜ ਮੁਸਾਫਰ ਸਨ। ਕੈਨੇਡਾ ਸਰਕਾਰ ਨੇ ਪੂਰੀ ਧੱਕੇਸ਼ਾਹੀ ਵਰਤਦੇ ਹੋਏ ਘਾਟਾਂ ਦੇ ਮਹਿਕਮੇ ਦੇ ਅਫ਼ਸਰਾਂ ਨੂੰ ਕਹਿ ਦਿੱਤਾ ਸੀ ਕਿ ਇਸ ਜਹਾਜ਼ ਦੇ ਮੁਸਾਫ਼ਰਾਂ ਨੂੰ ਉਤਰਨ ਨਾ ਦਿੱਤਾ ਜਾਵੇ।

ਕਾਮਾਗਾਟਾਮਾਰੂ ਜਹਾਜ਼ ਨੂੰ ਪੱਤਣ ਉੱਤੇ ਨਾ ਲੱਗਣ ਦਿੱਤਾ। ਸਮੁੰਦਰ ਦੇ ਡੂੰਘੇ ਪਾਣੀ ਵਿਚ ਦੂਰ ਹੀ ਰੋਕ ਲਿਆ। ਜਹਾਜ਼ ਦੇ ਦੁਆਲੇ ਪੁਲਸ ਦਾ ਪਹਿਰਾ ਲਾ ਦਿੱਤਾ। ਕੈਨੇਡਾ ਵਿਚ ਵਸਦੇ ਭਾਰਤੀਆਂ ਦੇ ਦਿਲਾਂ ਅੰਦਰ ਰੋਸ ਦੀ ਲਹਿਰ ਜਾਗ ਉਠੀ। ਕਾਮਾਗਾਟਾਰਾਮਾਰੂ ਦੇ ਸਾਰੇ ਮੁਸਾਫਰਾਂ ਨੂੰ ਬੰਦਰਗਾਹ ਉਤੇ ਉਤਾਰਨ ਲਈ ਵਿਚਾਰਾਂ ਹੋਣ ਲੱਗੀਆਂ। ਇਹ ਖ਼ਬਰਾਂ ਪੂਰੀ ਦੁਨੀਆਂ ਵਿਚ ਫੈਲ ਗਈਆਂ ਪਰ ਕੈਨੇਡਾ ਸਰਕਾਰ ਟੱਸ ਤੋਂ ਮੱਸ ਨਹੀਂ ਸੀ ਹੋ ਰਹੀ। ਇੱਕ ਵੀ ਭਾਰਤੀ ਮੁਸਾਫਰ ਬਾਹਰ ਨਾ ਆਉਣ ਦਿੱਤਾ। ਮੁਸਾਫਰ ਸਮੁੰਦਰ ਦੇ ਡੂੰਘੇ ਪਾਣੀਆਂ ਵਿਚ ਭੁੱਖੇ ਪਿਆਸੇ ਮੌਤ ਦੇ ਪਰਛਾਵੇਂ ਹੇਠ ਦਿਨ ਕਟੀ ਕਰ ਰਹੇ ਸਨ। ਕਿਸੇ ਨੂੰ ਵੀ ਮਿਲਣ ਨਹੀਂ ਸੀ ਦਿੱਤਾ ਜਾਂਦਾ।

ਐਤਵਾਰ 31 ਮਈ 1914 ਨੂੰ ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਦੀ ਅਗਵਾਈ ਹੇਠ ਇੱਕ ਗੁਰਦੁਆਰਾ ਸਾਹਿਬ ਵਿਚ 700 ਭਾਰਤੀਆਂ ਦੀ ਇੱਕ ਵੱਡੀ ਮੀਟਿੰਗ ਹੋਈ। ਮੁਸਾਫਰਾਂ ਦੀ ਮੱਦਦ ਕਰਨ ਲਈ ਪੰਦਰਾਂ ਮੈਂਬਰੀ ਇੱਕ ਕਮੇਟੀ ਚੁਣੀ ਗਈ, ਜਿਸ ਵਿਚ ਭਾਗ ਸਿੰਘ ਭਿੱਖੀਵਿੰਡ, ਬਲਵੰਤ ਸਿੰਘ ਖੁਰਦਪੁਰ, ਮੁਣਸ਼ਾ ਸਿੰਘ ਦੁਖੀ, ਪੰਡਤ ਸੋਹਨ ਲਾਲ, ਮਿੱਤ ਸਿੰਘ ਪੰਡੋਰੀ, ਹਰਨਾਮ ਸਿੰਘ ਸਾਹਰੀ, ਹੁਸੈਨ ਰਹੀਮ, ਕਰਤਾਰ ਸਿੰਘ ਨਵਾਂ ਚੰਦ, ਮੁਹੰਮਦ ਅਕਬਰ ਤੇ ਉੱਤਮ ਸਿੰਘ ਹਾਂਸ ਵਰਗੇ ਨੌਜਵਾਨ ਸ਼ਾਮਲ ਕੀਤੇ ਗਏ। ਮੌਕੇ ਉੱਤੇ ਹੀ ਕਮੇਟੀ ਨੂੰ ਸੱਠ ਹਜ਼ਾਰ ਡਾਲਰ ਇਕੱਠਾ ਹੋ ਗਿਆ। ਕਮੇਟੀ ਨੇ ਫੈਸਲਾ ਕਰ ਲਿਆ ਕਿ ਕੈਨੇਡਾ ਸਰਕਾਰ ਨੇ ਜੇਕਰ ਇਸ ਜਹਾਜ਼ ਨੂੰ ਕਿਨਾਰੇ ਉੱਤੇ ਨਾ ਲੱਗਣ ਦਿੱਤਾ ਤਾਂ ਉਹ ਸਰਕਾਰ ਦੀ ਡਟ ਕੇ ਵਿਰੋਧਤਾ ਕਰਨਗੇ ਤੇ ਸਾਰੇ ਵੈਨਕੂਵਰ ਵਿਚ ਅੱਗਾਂ ਲਾ ਦੇਣਗੇ। ਕਮੇਟੀ ਨੇ ਇਸ ਕੰਮ ਦੀ ਤਿਆਰੀ ਲਈ ਭਾਗ ਸਿੰਘ, ਮੇਵਾ ਸਿੰਘ ਤੇ ਹਰਨਾਮ ਸਿੰਘ ਸਾਹਰੀ ਨੂੰ ਕੈਨੇਡਾ ਦੇ ਸ਼ਹਿਰ ਐਬਟਸਫੋਰਡ ਨੂੰ ਭੇਜ ਦਿੱਤਾ ਤਾਂ ਕਿ ਉਹ ਉਥੋਂ ਹਥਿਆਰ ਲਿਆ ਸਕਣ।

ਮੁਸਾਫ਼ਰ ਵਾਪਸ ਮੁੜਨ ਲਈ ਤਿਆਰ ਨਹੀਂ ਸਨ। ਕੈਨੇਡਾ ਦੀ ਸਰਕਾਰ ਦਿਨੋਂ ਦਿਨ ਸਖ਼ਤ ਹੋ ਰਹੀ ਸੀ। ਜਹਾਜ਼ ਦੇ ਦੁਆਲੇ ਪਹਿਰਾ ਹੋਰ ਸਖਤ ਕਰ ਦਿੱਤਾ। ਜੰਗੀ ਜਹਾਜ਼ ਭੇਜ ਦਿੱਤਾ ਗਿਆ। ਲੜਾਈ ਦਾ ਮੁੱਢ ਬੱਝ ਗਿਆ। ਭਾਰਤੀ ਲੋਕਾਂ ਨੇ ਅਖੀਰ ਲੜ ਕੇ ਮਰਨ ਦਾ ਫੈਸਲਾ ਕਰ ਲਿਆ। ਮੁਸਾਫਰਾਂ ਨੇ ਜਹਾਜ਼ ਦਾ ਕੋਲਾ, ਟੁੱਟੀਆਂ ਮਸ਼ੀਨਾਂ ਦੇ ਪੁਰਜੇ, ਲੋਹੇ ਦੇ ਡੰਡੇ, ਲੱਕੜਾਂ ਤੇ ਦੂਰ ਸੁੱਟੀ ਜਾਣ ਵਾਲੀ ਹਰ ਚੀਜ਼ ਹਥਿਆਰ ਵਜੋਂ ਤਿਆਰ ਕਰ ਲਈ। ਮੁਸਾਫ਼ਰਾਂ ਦੀਆਂ ਗੋਰੇ ਸਿਪਾਹੀਆਂ ਨਾਲ ਝੜਪਾਂ ਵੀ ਹੋਈਆਂ।

ਅਖੀਰ ਜਹਾਜ਼ ਨੂੰ ਵਾਪਸ ਮੋੜਨ ਦੀ ਗੱਲ ਹੀ ਚੱਲ ਪਈ। ਮੁਸਾਫ਼ਰਾਂ ਨੂੰ ਕੁਝ

ਰਾਸ਼ਣ ਪਾਣੀ ਦੇ ਦਿੱਤਾ ਗਿਆ। ਅਖੀਰ 22 ਜੁਲਾਈ ਨੂੰ ਕੈਨੇਡਾ ਵੱਸਦੇ ਭਾਰਤੀ ਲੋਕ ਜਹਾਜ਼ ਦੇ ਮੁਸਾਫਰਾਂ ਨੂੰ ਅੱਧੀ ਰਾਤ ਸਮੇਂ ਮਿਲੇ। ਉੱਤਮ ਸਿੰਘ ਹਾਂਸ, ਈਸ਼ਰ ਸਿੰਘ, ਮੁਣਸ਼ਾ ਸਿੰਘ ਦੁਖੀ ਤੇ ਕਰਤਾਰ ਸਿੰਘ ਨਵਾਂ ਚੰਦ ਤੇ ਹੋਰ ਬਹੁਤ ਸਾਰੇ ਨੌਜਵਾਨ ਦਸ-ਦਸ, ਪੰਦਰਾਂ-ਪੰਦਰਾਂ ਟੋਲੀਆਂ ਵਿਚ ਮੁਸਾਫ਼ਰਾਂ ਨੂੰ ਮਿਲੇ। ਉਨ੍ਹਾਂ ਨੂੰ ਹੌਸਲਾ ਦਿੱਤਾ।

ਉੱਤਮ ਸਿੰਘ ਹਾਂਸ ਦੇ ਦਿਲ ਵਿਚ ਅੰਗਰੇਜ਼ੀ ਸਰਕਾਰ ਪ੍ਰਤੀ ਹੋਰ ਜਵਾਲਾ ਭੜਕ ਉੱਠੀ ਸੀ। ਉਹ ਸੋਚ ਰਿਹਾ ਸੀ ਕਿ ਹਿੰਦੋਸਤਾਨ ਨੂੰ ਹਰ ਹੀਲੇ ਅੰਗਰੇਜ਼ਾਂ ਤੋਂ ਮੁਕਤ ਕਰਵਾਉਣਾ ਹੈ। ਦੇਸ਼ ਨੂੰ ਅਜ਼ਾਦ ਕਰਵਾਉਣਾ ਹੈ। ਕਾਮਾਗਾਟਾਮਾਰੂ ਜਹਾਜ਼ ਦਾ ਸਾਰਾ ਦੁਖਾਂਤ ਗ਼ਦਰ ਪਾਰਟੀ ਦੇ ਪਰਚੇ 'ਗ਼ਦਰ' ਵਿਚ ਛਪਿਆ। ਗ਼ਦਰ ਦੇ ਇਸ ਪਰਚੇ ਨੇ ਹਰ ਪੜ੍ਹਨ ਵਾਲੇ ਨੂੰ ਹਲੂਣ ਦਿੱਤਾ। ਇਸ ਤੋਂ ਬਾਅਦ ਮੁਣਸ਼ਾ ਸਿੰਘ ਦੁਖੀ ਨੇ ਵੀ ਇਕ ਪਰਚਾ ਕੱਢਿਆ ਤੇ ਅੰਗਰੇਜ਼ਾਂ ਦੇ ਜ਼ੁਲਮ ਦਾ ਪਰਦਾ ਫਾਸ਼ ਕੀਤਾ। ਉੱਤਮ ਸਿੰਘ ਹਾਂਸ ਹੁਣ ਪੂਰੀ ਤਰ੍ਹਾਂ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਗਿਆ।

# ਵਤਨ ਵਾਪਸੀ

22 ਜੁਲਾਈ 1914 ਦੀ ਅੱਧੀ ਰਾਤ ਨੂੰ ਉੱਤਮ ਸਿੰਘ ਹਾਂਸ ਤੇ ਉਸ ਦੇ ਦੂਜੇ ਸਾਥੀ ਸਮੁੰਦਰ ਵਿਚ ਡੱਕੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਦਿਲ ਦੇ ਅਥਾਹ ਪਿਆਰ ਨਾਲ ਮਿਲੇ। ਇਨ੍ਹਾਂ ਨੂੰ ਇੱਕੋ ਗੱਲ ਦੀ ਤਸੱਲੀ ਸੀ ਕਿ ਕੈਨੇਡਾ ਸਰਕਾਰ ਨੇ ਮੁਸਾਫਰਾਂ ਦੇ ਖਾਣ ਪੀਣ ਲਈ ਰਾਸ਼ਣ ਦਾ ਪ੍ਰਬੰਧ ਕਰ ਦਿੱਤਾ ਸੀ। ਇਸ ਦੀ ਖਾਤਰ ਕਾਫੀ ਜਦੋ ਜਹਿਦ ਕਰਨੀ ਪਈ। 23 ਜੁਲਾਈ ਨੂੰ ਜਹਾਜ਼ ਭਾਰਤ ਲਈ ਰਵਾਨਾ ਹੋ ਗਿਆ। ਅਗਲੇ ਦਿਨ ਖ਼ਬਰ ਆ ਗਈ ਕਿ ਜਰਮਨੀ ਨੇ ਸਰਬੀਆ ਉਤੇ ਹਮਲਾ ਕਰ ਦਿੱਤਾ ਹੈ। ਉੱਤਮ ਸਿੰਘ ਤੇ ਉਸ ਦੇ ਸਾਥੀ ਇਸ ਖ਼ਬਰ ਨਾਲ ਹੈਰਾਨ ਹੋ ਗਏ। ਗ਼ਦਰ ਪਾਰਟੀ ਦੇ ਸਭ ਮੈਂਬਰਾਂ ਨੂੰ ਪਤਾ ਸੀ ਕਿ ਜਦੋਂ ਵੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਪਾਰਟੀ ਲਈ ਹਿੰਦ ਵਿਚ ਗ਼ਦਰ ਕਰਨ ਦਾ ਇਹ ਢੁਕਵਾਂ ਸਮਾਂ ਹੋਵੇਗਾ ਪਰ ਅਚਾਨਕ ਏਡੀ ਛੇਤੀ ਜੰਗ ਲੱਗ ਜਾਵੇਗੀ ਇਸ ਬਾਰੇ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਹਾਲੇ ਤੱਕ ਗ਼ਦਰ ਪਾਰਟੀ ਦਾ ਇਸੇ ਗੱਲ ਉੱਤੇ ਜ਼ੋਰ ਸੀ ਕਿ ਵਿਦੇਸ਼ਾਂ ਵਿਚ ਬੈਠੇ ਭਾਰਤੀ ਲੋਕਾਂ ਨੂੰ ਹਰ ਹੀਲੇ ਗ਼ਦਰ ਲਈ ਤਿਆਰ ਕੀਤਾ ਜਾਵੇ।

ਇਨ੍ਹਾਂ ਦਿਨਾਂ ਵਿਚ ਕੈਨੇਡਾ ਵੱਸਦੇ ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਵਧੇਰੇ ਸਰਗਰਮ ਹੋ ਗਏ। 4 ਅਗਸਤ ਨੂੰ ਜੰਗ ਪੂਰੀ ਤਰ੍ਹਾਂ ਸ਼ੁਰੂ ਹੋ ਗਈ। ਰੂਸ ਤੇ ਇੰਗਲੈਂਡ ਵੀ ਜੰਗ ਵਿਚ ਸ਼ਾਮਲ ਹੋ ਗਏ। ਕਾਮਾਗਾਟਾਮਾਰੂ ਜਹਾਜ਼ ਅੰਕ ਤੋਂ ਬਾਅਦ ਗ਼ਦਰ ਦਾ ਨਵਾਂ ਅੰਕ ਛਪ ਗਿਆ ਤੇ ਕੈਨੇਡਾ ਵਿਚ ਉੱਤਮ ਸਿੰਘ ਹਾਂਸ ਹੋਰਾਂ ਕੋਲ ਵੀ ਇਹ ਪਰਚਾ ਪਹੁੰਚ ਗਿਆ। ਇਸ ਪਰਚੇ ਵਿਚ ਗ਼ਦਰ ਪਾਰਟੀ ਨੇ ਹਿੰਦ ਵਿਚ ਗ਼ਦਰ ਕਰਨ ਲਈ ਆਪਣਾ ਪੂਰਾ ਪ੍ਰੋਗਰਾਮ ਛਾਪ ਦਿੱਤਾ। ਪਰਚੇ ਵਿਚ ਸਾਫ ਲਿਖਿਆ ਸੀ, "ਐ ਯੋਧਿਓ, ਤੁਸੀਂ ਜਿਸ ਮੌਕੇ ਦੀ ਉਡੀਕ ਵਿਚ ਸੀ, ਉਹ ਆ ਪੁੱਜਾ ਹੈ। ਹੁਣ ਜਰਮਨੀ ਤੇ ਇੰਗਲੈਂਡ ਵਿਚਕਾਰ ਜੰਗ ਛਿੜ ਪਈ ਹੈ। ਭਾਰਤ ਵਿਚਲੇ ਫੌਜੀਆਂ ਨੂੰ ਹੁਣ ਲੜਾਈ ਦੇ ਮੁਹਾਜ਼ਾਂ ਉਤੇ ਜਾਣਾ ਪਏਗਾ। ਇਸ ਲਈ ਸਭ ਹਿੰਦੋਸਤਾਨੀਆਂ ਨੂੰ ਤੁਰੰਤ ਦੇਸ਼ ਲਈ ਰਵਾਨਾ ਹੋ ਜਾਣਾ ਚਾਹੀਦਾ ਹੈ। ਸਾਨੂੰ ਭਾਰਤ ਮਾਤਾ ਉਡੀਕ ਰਹੀ ਹੈ।"

ਗ਼ਦਰ ਅਖ਼ਬਾਰ ਪੜ੍ਹ ਕੇ ਉੱਤਮ ਸਿੰਘ ਪਹਿਲਾਂ ਨਾਲੋਂ ਵੀ ਚੌਕੰਨਾ ਹੋ ਗਿਆ। ਪਰਚੇ ਵਿਚ ਸਾਫ ਲਿਖਿਆ ਸੀ ਕਿ ਪਾਰਟੀ ਨੇ 9 ਅਤੇ 10 ਤਰੀਕ ਨੂੰ ਫਰਿਜ਼ਨੋ ਤੇ ਸੈਕਰਾਮੈਂਟੋ ਵਿਚ ਕਾਨਫਰੰਸਾਂ ਕਰਨੀਆਂ ਹਨ। ਉਸ ਪਿੱਛੋਂ ਸਭ ਆਗੂ ਤੇ ਵਰਕਰ

ਹਿੰਦੋਸਤਾਨ ਪੁੱਜਣਗੇ। ਨਵੰਬਰ ਤੱਕ ਕੋਈ ਵੀ ਗ਼ਦਰੀ ਵਿਦੇਸ਼ ਵਿਚ ਬੈਠਾ ਨਾ ਰਹੇ। ਗ਼ਦਰ ਪਰਚੇ ਨੇ ਉੱਤਮ ਸਿੰਘ ਹਾਂਸ ਤੇ ਉਸਦੇ ਸਾਥੀਆਂ ਦੀ ਨੀਂਦ ਉਡਾ ਦਿੱਤੀ। ਉਹ ਚਾਹੁੰਦੇ ਸਨ ਕਿ ਕਿਹੜਾ ਵੇਲਾ ਹੋਵੇ ਜਦੋਂ ਉਹ ਆਪਣੇ ਵਤਨ ਪਹੁੰਚ ਜਾਣ। ਸਭ ਸਾਥੀਆਂ ਦੇ ਦਿਲਾਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਠਾਠਾਂ ਮਾਰਨ ਲੱਗਾ। ਉਹ ਹਿੰਦ ਵਿਚ ਆ ਕੇ ਅੰਗਰੇਜ਼ੀ ਸਰਕਾਰ ਵਿਰੁੱਧ ਗ਼ਦਰ ਕਰਨ ਲਈ ਏਨੇ ਉਤਾਵਲੇ ਸਨ ਕਿ ਕਿਸੇ ਨੂੰ ਵੀ ਕੈਨੇਡਾ ਵਿਚ ਬਣਾਈ ਆਪਣੀ ਜਾਇਦਾਦ ਦਾ ਕੋਈ ਫ਼ਿਕਰ ਨਹੀਂ ਸੀ।

ਅੰਗਰੇਜ਼ੀ ਸਾਮਰਾਜ ਵਿਰੁੱਧ ਮੋਟੀ-ਮੋਟੀ ਵਿਉਂਤ ਗ਼ਦਰ ਪਾਰਟੀ ਦੇ ਦਫ਼ਤਰ ਯੁਗਾਂਤਰ ਆਸ਼ਰਮ (ਅਮਰੀਕਾ) ਵਿਖੇ ਬਣਾ ਲਈ ਗਈ ਕਿ ਗ਼ਦਰ ਪਾਰਟੀ ਦੇ ਸਭ ਆਗੂ ਤੇ ਵਰਕਰ ਨਵੰਬਰ ਤੱਕ ਹਰ ਹਾਲਤ ਵਿਚ ਹਿੰਦ ਪਹੁੰਚ ਜਾਣ। ਹਿੰਦ ਪਹੁੰਚ ਕੇ ਇਨਕਲਾਬੀ ਗਰੁੱਪਾਂ ਦੇ ਲੀਡਰਾਂ ਨਾਲ ਸੰਪਰਕ ਬਣਾਇਆ ਜਾਵੇ। ਸਭ ਵਰਕਰ ਆਪਣੇ ਲੀਡਰਾਂ ਦੇ ਹੁਕਮ ਅਨੁਸਾਰ ਅੰਗਰੇਜ਼ੀ ਸਰਕਾਰ ਵਿਰੁੱਧ ਲੋਕਾਂ ਵਿਚ ਪ੍ਰਚਾਰ ਕਰਕੇ ਅਜ਼ਾਦੀ ਸੰਗਰਾਮ ਲਈ ਉਨ੍ਹਾਂ ਨੂੰ ਤਿਆਰ ਕਰਨ। ਸੂਝਵਾਨ ਤੇ ਤਜਰਬੇਕਾਰ ਵਰਕਰ ਫੌਜੀ ਛਾਉਣੀਆਂ ਵਿਚ ਜਾ ਕੇ ਫੌਜਾਂ ਨਾਲ ਤਾਲਮੇਲ ਪੈਦਾ ਕਰਨ ਤੇ ਭਾਰਤੀ ਫੌਜੀ ਜਵਾਨਾਂ ਨੂੰ ਅੰਗਰੇਜ਼ੀ ਸਰਕਾਰ ਵਿਰੁੱਧ ਜੰਗ ਕਰਨ ਲਈ ਤਿਆਰ ਕਰਨ। ਗ਼ਦਰੀ ਸਾਹਿਤ ਛਾਪ ਕੇ ਲੋਕਾਂ ਵਿਚ ਵੰਡਿਆ ਜਾਵੇ। ਜੰਗ ਦੇ ਸਮੇਂ ਤੋਂ ਫਾਇਦਾ ਉਠਾਇਆ ਜਾਵੇ। ਜੰਗ ਵਿਚ ਪੈਸੇ ਦੀ ਤੇ ਹਥਿਆਰਾਂ ਦੀ ਲੋੜ ਪਏਗੀ। ਹਿੰਦ ਵਿਚ ਪਹੁੰਚ ਕੇ ਇਸ ਦਾ ਪ੍ਰਬੰਧ ਕੀਤਾ ਜਾਵੇ।

ਗ਼ਦਰ ਪਾਰਟੀ ਦਾ ਹੁਕਮ ਅਮਰੀਕਾ, ਸ਼ੰਘਾਈ, ਰੰਗੂਨ, ਹਾਂਗਕਾਂਗ, ਸਿੰਘਾਪੁਰ, ਬੈਂਕਾਂਕ, ਸ਼ਿਆਮ, ਮਲਾਇਆ, ਕੈਨੇਡਾ ਤੇ ਹੋਰ ਥਾਵਾਂ ਉਤੇ ਪਹੁੰਚ ਗਿਆ। ਸਭ ਗ਼ਦਰੀਆਂ ਨੂੰ ਇਹ ਮੌਕਾ ਜਿਵੇਂ ਮਸਾਂ ਮਿਲਿਆ। ਆਪੋ ਆਪਣੇ ਕੰਮ ਨਿਬੇੜ ਕੇ ਗ਼ਦਰੀ ਹਿੰਦ ਨੂੰ ਤੁਰਨ ਲੱਗੇ।

ਉੱਤਮ ਸਿੰਘ ਹਾਂਸ ਕੈਨੇਡਾ ਤੋਂ ਹਿੰਦ ਆਉਣ ਲਈ ਐਸ.ਐਸ. ਮੰਗੋਲੀਆ ਜਹਾਜ਼ ਫੜ ਕੇ ਹਾਂਗਕਾਂਗ ਪਹੁੰਚ ਗਿਆ। ਏਥੋਂ ਜਹਾਜ਼ ਬਦਲਣਾ ਪੈਂਦਾ ਸੀ। ਪਹਿਲੀ ਦਸੰਬਰ 1914 ਨੂੰ ਉੱਤਮ ਸਿੰਘ ਹਾਂਗਕਾਂਗ ਤੋਂ ਆਸਟਰੇਲੀਅਨ ਜਹਾਜ਼ ਰਾਹੀਂ ਹਾਂਗਕਾਂਗ ਤੋਂ ਚੱਲ ਪਿਆ। ਇਸ ਜਹਾਜ਼ ਵਿਚ ਕੁੱਲ 88 ਮੁਸਾਫਰ ਸਵਾਰ ਸਨ। ਹਾਂਗਕਾਂਗ ਤੋਂ ਉੱਤਮ ਸਿੰਘ ਹਾਂਸ ਦੇ ਖਾਸ ਮਿੱਤਰ ਪਿਆਰੇ ਈਸ਼ਰ ਸਿੰਘ ਢੁੱਡੀਕੇ, ਪਾਖਰ ਸਿੰਘ ਢੁੱਡੀਕੇ, ਰੰਗਾ ਸਿੰਘ ਖੁਰਦਪੁਰ ਤੋਂ ਬਿਨਾਂ ਹੋਰ ਵੀ ਜੋਸ਼ੀਲੇ ਗ਼ਦਰੀ ਸ਼ਾਮਲ ਸਨ। ਇਹ ਜਹਾਜ਼ 12 ਦਸੰਬਰ 1914 ਨੂੰ ਕੋਲੰਬੋ ਪੁੱਜਾ। ਇਸ ਜਹਾਜ਼ ਦੇ ਸਭ ਮੁਸਾਫਰਾਂ ਦੀ ਤਲਾਸ਼ੀ ਹੋਈ ਪਰ ਕਿਸੇ ਕੋਲੋਂ ਕੋਈ ਵੀ ਇਤਰਾਜ਼ਯੋਗ ਵਸਤੂ ਬਰਾਮਦ ਨਾ ਹੋਈ। ਸਭ ਨੂੰ ਹਿੰਦੋਸਤਾਨੀ ਪੁਲੀਸ ਦੇ ਹਵਾਲੇ ਕਰ ਦਿੱਤਾ। ਧਨੇਸ਼ਖੋਡੀ ਤੋਂ ਗੱਡੀ ਵਿਚ ਬਿਠਾ ਕੇ ਉੱਤਮ ਸਿੰਘ ਹਾਂਸ ਤੇ ਉਸ ਦੇ ਸਾਥੀਆਂ ਨੂੰ ਪੰਜਾਬ ਵੱਲ ਤੋਰ ਦਿੱਤਾ। 20 ਦਸੰਬਰ ਨੂੰ ਆਪ ਲੁਧਿਆਣਾ ਪਹੁੰਚ ਗਏ।

ਲੁਧਿਆਣੇ ਵਿਚ ਸਾਰੇ ਗ਼ਦਰੀਆਂ ਤੋਂ ਪੁੱਛ ਪੜਤਾਲ ਕੀਤੀ ਗਈ। ਸਖ਼ਤੀ ਨਾਲ ਕੀਤੀ ਜਾ ਰਹੀ ਪੁੱਛ ਪੜਤਾਲ ਨੂੰ ਧਿਆਨ ਵਿਚ ਰੱਖ ਕੇ ਉੱਤਮ ਸਿੰਘ ਹਾਂਸ ਨੇ ਭਾਂਪ ਲਿਆ ਕਿ ਦੇਸ਼ ਵਿਚ ਤਾਂ ਬਹੁਤ ਗੜਬੜ ਹੈ। ਪੁਲੀਸ ਗ਼ਦਰੀਆਂ ਤੋਂ ਬੜਾ ਕੁਝ ਪੁੱਛ ਰਹੀ ਸੀ ਕਿ ਤੁਸੀਂ ਕਿਥੋਂ ਆਏ ਹੋ। ਉਥੇ ਕੀ ਕੰਮ ਕਰਦੇ ਸੀ। ਕਿਹੜੇ-ਕਿਹੜੇ ਗ਼ਦਰੀਆਂ ਨਾਲ ਤੁਹਾਡੇ ਸਬੰਧ ਹਨ। ਹਿੰਦੋਸਤਾਨ ਵਿਚ ਤੁਸੀਂ ਕਿਉਂ ਆਏ ਹੋ? ਏਥੇ ਆ ਕੇ ਤੁਸੀਂ ਕੀ ਕਰੋਗੇ। ਉੱਤਮ ਸਿੰਘ ਹਾਂਸ ਨੂੰ ਕੈਨੇਡਾ ਵਿਚ ਉੱਤਮ ਸਿੰਘ ਕਰਕੇ ਹੀ ਜਾਣਿਆ ਜਾਂਦਾ ਸੀ। ਪਿੰਡ ਵਿਚ ਸਭ ਲੋਕ ਉਸ ਨੂੰ ਰਾਘੋ ਕਹਿ ਕੇ ਹੀ ਬੁਲਾਉਂਦੇ ਸਨ। ਉੱਤਮ ਸਿੰਘ ਨੇ ਪੁਲੀਸ ਨੂੰ ਆਪਣਾ ਨਾਂ ਰਾਘੋ ਸਿੰਘ ਦੱਸਿਆ। ਪੁਲੀਸ ਵਾਲੇ ਏਥੇ ਟਪਲਾ ਖਾ ਗਏ ਜਿਸ ਕਰਕੇ ਉੱਤਮ ਸਿੰਘ ਹਾਂਸ ਬਚ ਨਿਕਲਣ ਵਿਚ ਸਫ਼ਲ ਹੋ ਗਿਆ।

ਲੁਧਿਆਣੇ ਤੋਂ ਤੁਰਨ ਲੱਗਿਆਂ ਉੱਤਮ ਸਿੰਘ ਨੇ ਸੋਚਿਆ ਕਿ ਪਿੰਡ ਹਾਂਸ ਵਿਖੇ ਇਕਦਮ ਨਾ ਪਹੁੰਚਿਆ ਜਾਵੇ। ਕੀ ਪਤਾ ਪਿੰਡ ਦੇ ਹਾਲਾਤ ਕਿਸ ਤਰ੍ਹਾਂ ਦੇ ਹਨ। ਅੰਦਰੋਂ ਉਸ ਦਾ ਦਿਲ ਕਰਦਾ ਸੀ ਕਿ ਉਹ ਭੱਜ ਕੇ ਮਾਂ ਨੂੰ ਜਾ ਮਿਲੇ। ਭਰਾ ਭਰਜਾਈ ਨੂੰ ਮਿਲੇ। ਵੱਡੇ ਭਰਾ ਨਰਾਇਣ ਸਿੰਘ ਦੇ ਬੱਚੇ ਹੁਣ ਕਾਫੀ ਹੁਸ਼ਿਆਰ ਹੋ ਗਏ ਹੋਣਗੇ। ਗਲੀ ਗੁਆਂਢ ਤੇ ਪਿੰਡ ਦੇ ਹੋਰ ਲੋਕ ਉਸ ਨੂੰ ਯਾਦ ਆਏ ਪਰ ਉਸ ਨੇ ਜਗਰਾਉਂ ਲਾਗਲੇ ਪਿੰਡ ਸ਼ੇਖ ਦੌਲਤ ਵਿਖੇ ਆਪਣੀ ਭੈਣ ਪਰੇਮ ਕੌਰ ਕੋਲ ਜਾਣਾ ਠੀਕ ਸਮਝਿਆ। ਉੱਤਮ ਸਿੰਘ ਦੇ ਕੈਨੇਡਾ ਜਾਣ ਤੋਂ ਪਹਿਲਾਂ ਭੈਣ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਸੀ ਜਿਸ ਦਾ ਨਾਮ ਇੰਦਰ ਸਿੰਘ ਰੱਖਿਆ ਗਿਆ ਸੀ। ਉੱਤਮ ਸਿੰਘ ਦੇ ਦਿਲ ਵਿਚ ਇਹ ਗੱਲ ਉਠ ਰਹੀ ਸੀ ਕਿ ਹੋ ਸਕਦੈ ਮੇਰੇ ਬਾਰੇ ਪੰਜਾਬ ਪੁਲੀਸ ਨੂੰ ਕੋਈ ਸੂਹ ਮਿਲ ਗਈ ਹੋਵੇ। ਜੇਕਰ ਮੈਂ ਪਿੰਡ ਗਿਆ ਤਾਂ ਕਿਤੇ ਗ੍ਰਿਫ਼ਤਾਰ ਨਾ ਹੋ ਜਾਵਾਂ। ਮੈਂ ਤਾਂ ਦੇਸ਼ ਦੀ ਅਜ਼ਾਦੀ ਲਈ ਕੰਮ ਕਰਨ ਆਇਆ ਹਾਂ। ਇਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹਾਂ। ਇਹ ਸੋਚਦੇ ਹੋਏ ਉੱਤਮ ਸਿੰਘ ਆਪਣੀ ਭੈਣ ਦੇ ਪਿੰਡ ਸ਼ੇਖ ਦੌਲਤ ਨੂੰ ਚੱਲ ਪਿਆ।

# ਜਦੋਂ ਉੱਤਮ ਸਿੰਘ ਹਾਂਸ ਪੰਜਾਬ ਪਹੁੰਚੇ

ਵੀਹ ਦਸੰਬਰ 1914 ਨੂੰ ਉੱਤਮ ਸਿੰਘ ਹਾਂਸ ਸਾਥੀਆਂ ਸਮੇਤ ਕੈਨੇਡਾ ਤੋਂ ਲੁਧਿਆਣੇ ਪਹੁੰਚ ਗਿਆ ਸੀ। ਇਸ ਸਮੇਂ ਤੱਕ ਅਮਰੀਕਾ, ਕੈਨੇਡਾ, ਚੀਨ, ਬਰ੍ਹਮਾ, ਜਾਪਾਨ, ਮਨੀਲਾ, ਹਾਂਗਕਾਂਗ, ਮਲਾਇਆ, ਸਿੰਘਾਪੁਰ ਤੇ ਹੋਰ ਮੁਲਕਾਂ ਤੋਂ ਗ਼ਦਰੀ ਬਚ ਕੇ ਪੰਜਾਬ ਪਹੁੰਚ ਗਏ ਸਨ। ਗ਼ਦਰ ਪਾਰਟੀ ਨੇ ਕੁਝ ਸਮਾਂ ਪਹਿਲਾਂ ਬੰਤਾ ਸਿੰਘ ਸੰਘਵਾਲ, ਗਾਂਧਾ ਸਿੰਘ ਕੱਚਰਭੰਨ ਤੇ ਕਰਤਾਰ ਸਿੰਘ ਦੁੱਕੀ ਨੂੰ ਦੇਸ਼ ਦੇ ਹਾਲਾਤ ਵੇਖਣ ਪਰਖਣ ਲਈ ਹਿੰਦੋਸਤਾਨ ਭੇਜ ਦਿੱਤਾ ਸੀ। ਇਨ੍ਹਾਂ ਤਿੰਨੇ ਦੇਸ਼ ਭਗਤਾਂ ਨੇ ਵੇਖ ਲਿਆ ਕਿ ਅੰਗਰੇਜ਼ੀ ਸਰਕਾਰ ਗ਼ਦਰੀਆਂ ਉਤੇ ਬੜੀ ਸਖ਼ਤ ਨਿਗਾਹ ਰੱਖ ਰਹੀ ਹੈ। ਕਲਕੱਤਾ ਬੰਦਰਗਾਹ ਉਤੇ ਬਾਹਰੋਂ ਆਉਣ ਵਾਲੇ ਹਰ ਮੁਸਾਫ਼ਰ ਦੀ ਪੁੱਛ ਪੜਤਾਲ ਕੀਤੀ ਜਾਂਦੀ। ਇਸ ਕਰਕੇ ਸਾਥੀਆਂ ਦੀ ਸਲਾਹ ਨਾਲ ਗਾਂਧਾ ਸਿੰਘ ਕੱਚਰਭੰਨ ਹਾਂਗਕਾਂਗ ਚਲਾ ਗਿਆ। ਉਥੇ ਜਾ ਕੇ ਗਾਂਧਾ ਸਿੰਘ ਨੇ ਬਹੁਤ ਥਾਵਾਂ ਉੱਤੇ ਤਾਰਾਂ ਭੇਜ ਕੇ ਕਿਹਾ ਕਿ ਬਾਹਰੋਂ ਜਾਣ ਵਾਲੇ ਗ਼ਦਰੀ ਗ਼ਦਰੀ ਸਾਹਿਤ ਜਾਂ ਕੋਈ ਹਥਿਆਰ ਆਪਣੇ ਨਾਲ ਲੈ ਕੇ ਨਾ ਜਾਣ। ਉਸ ਦੇ ਕਹਿਣ ਨਾਲ ਬਹੁਤ ਗ਼ਦਰੀਆਂ ਦਾ ਬਚਾਅ ਹੋ ਗਿਆ। ਫਿਰ ਵੀ ਅੰਗਰੇਜ਼ਾਂ ਨੇ ਸੋਹਣ ਸਿੰਘ ਭਕਨਾ ਸਮੇਤ ਬਹੁਤੇ ਗ਼ਦਰੀ ਗ੍ਰਿਫ਼ਤਾਰ ਕਰ ਲਏ।

ਕਰਤਾਰ ਸਿੰਘ ਸਰਾਭਾ ਇੱਕੋ ਇੱਕ ਨੌਜਵਾਨ ਸੀ ਜਿਹੜਾ ਰਘੁਬਰ ਦਿਆਲ ਗੁਪਤਾ ਨਾਲ 15-16 ਸਤੰਬਰ 1914 ਨੂੰ ਕੋਲੰਬੋ ਆ ਗਿਆ ਸੀ ਤੇ ਉਹ ਅਰਾਮ ਨਾਲ ਹੀ ਲੁਧਿਆਣਾ ਪਹੁੰਚ ਗਿਆ। ਏਥੇ ਆ ਕੇ ਉਹ ਆਪਣੇ ਘਰ ਨਹੀਂ ਗਿਆ। ਉਹ ਆਪਣੇ ਪੁਰਾਣੇ ਸਾਥੀਆਂ ਨੂੰ ਮਿਲਿਆ। ਕਰਤਾਰ ਸਿੰਘ ਦੁੱਕੀ ਤੇ ਬੰਤਾ ਸਿੰਘ ਸੰਘਵਾਲ ਨੂੰ ਮਿਲਿਆ। ਉਸ ਨੇ ਦਿਨ ਰਾਤ ਇਕ ਕਰਕੇ ਮਾਲਵਾ, ਦੁਆਬਾ ਤੇ ਮਾਝੇ ਵਿਚ ਤੁਰ ਫਿਰ ਕੇ ਗ਼ਦਰੀਆਂ ਨਾਲ ਸੰਪਰਕ ਕਰਕੇ ਗ਼ਦਰ ਪਾਰਟੀ ਵਿਚ ਨਵੀਂ ਰੂਹ ਭਰ ਦਿੱਤੀ। ਸਰਕਾਰ ਨੇ ਬਹੁਤੇ ਗ਼ਦਰੀ ਗ੍ਰਿਫਤਾਰ ਕਰ ਲਏ ਤੇ ਬਹੁਤ ਸਾਰਿਆਂ ਨੂੰ ਜੂਹਬੰਦ ਕਰ ਦਿੱਤਾ ਪਰ ਕਰਤਾਰ ਸਿੰਘ ਸਰਾਭਾ ਦੀਆਂ ਲਗਾਤਾਰ ਸਰਗਰਮੀਆਂ ਨੇ ਗ਼ਦਰ ਪਾਰਟੀ ਨੂੰ ਨਵੇਂ ਸਿਰਿਉਂ ਜੱਥੇਬੰਦ ਕਰਕੇ ਹੋਰ ਵੀ ਤਕੜਿਆ ਕਰ ਦਿੱਤਾ।

ਪੰਜਾਬ ਵਿਚ ਬਾਹਰੋਂ ਮੁੜੇ ਗ਼ਦਰੀਆਂ ਦੀ ਪਹਿਲੀ ਮੀਟਿੰਗ ਸਤੰਬਰ 1914 ਦੇ ਅਖੀਰ ਵਿਚ ਖੰਨੇ ਵਿਚ ਹੋਈ। ਦੂਜੀ ਮੀਟਿੰਗ 16-17 ਅਕਤੂਬਰ 1914 ਨੂੰ ਦੀਵਾਲੀ

ਦੇ ਨੇੜੇ ਅੰਮ੍ਰਿਤਸਰ ਵਿਚ ਕੀਤੀ ਗਈ। ਇਸ ਮੀਟਿੰਗ ਵਿਚ ਹਰ ਹਾਲਤ ਪਿੰਡਾਂ ਅੰਦਰ ਗ਼ਦਰ ਕਰਨ ਸੰਬੰਧੀ ਪ੍ਰਚਾਰ ਕਰਨ ਦਾ ਮਤਾ ਪਾਸ ਕੀਤਾ। ਇਸ ਪਿੱਛੋਂ ਗ਼ਦਰੀ ਸਾਹਿਤ ਛਾਪ ਕੇ ਲੋਕਾਂ ਵਿਚ ਵੰਡਣ ਦਾ ਫੈਸਲਾ ਕੀਤਾ ਗਿਆ। ਪਰੇਮ ਸਿੰਘ ਸੁਰ ਸਿੰਘ ਘੁਮਿਆਰ ਦਾ ਭੇਸ ਧਾਰ ਕੇ ਗਦਰੀ ਸਾਹਿਤ ਖੋਤੇ ਉੱਤੇ ਲੱਦ ਲੈਂਦਾ ਤੇ ਪਿੰਡਾਂ ਵਿਚ ਤੁਰ -ਫਿਰ ਕੇ ਸਾਹਿਤ ਵੰਡਦਾ। ਇਸ ਤੋਂ ਬਾਅਦ ਗ਼ਦਰੀਆਂ ਨੇ ਮੁਕਤਸਰ, ਤਰਨਤਾਰਨ, ਅੰਮ੍ਰਿਤਸਰ ਤੇ ਨਨਕਾਣਾ ਸਾਹਿਬ ਵਿਖੇ ਮੱਸਿਆ, ਪੁੰਨਿਆ ਆਦਿ ਤਿਉਹਾਰਾਂ ਸਮੇਂ ਭਾਰੀ ਇਕੱਠਾਂ ਵਿਚ ਲੋਕਾਂ ਨੂੰ ਅੰਗਰੇਜ਼ੀ ਸਰਕਾਰ ਵਿਰੁੱਧ ਗ਼ਦਰ ਕਰਨ ਲਈ ਹਲੂਣਿਆ।

ਇਸ ਸਮੇਂ ਤੱਕ ਜਗਤ ਸਿੰਘ ਸੁਰ ਸਿੰਘ, ਚੰਨਣ ਸਿੰਘ ਬੂੜ ਚੰਦ, ਕਾਲਾ ਸਿੰਘ ਜਗਤਪੁਰ, ਪਿਆਰਾ ਸਿੰਘ ਲੰਗੇਰੀ, ਨਿਧਾਨ ਸਿੰਘ ਚੁੱਘਾ, ਡਾਕਟਰ ਮਥਰਾ ਸਿੰਘ ਢੁਡਿਆਲ, ਗੁੱਜਰ ਸਿੰਘ ਭਕਨਾ, ਪੰਡਤ ਜਗਤ ਰਾਮ, ਵਿਸਾਖਾ ਸਿੰਘ ਦਦੇਹਰ, ਗੁਲਾਬ ਕੌਰ, ਹਰਨਾਮ ਸਿੰਘ, ਹਰਨਾਮ ਸਿੰਘ ਸਿਆਲਕੋਟੀ, ਸੁੰਦਰ ਸਿੰਘ ਦੋਲੋਨੰਗਲ ਤੇ ਹੋਰ ਬਹੁਤ ਸਾਰੇ ਗ਼ਦਰੀ ਵਤਨ ਪਹੁੰਚ ਕੇ ਗ਼ਦਰ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਏ ਸਨ। 19 ਨਵੰਬਰ ਨੂੰ ਮੋਗੇ, 23 ਨਵੰਬਰ ਨੂੰ ਬੱਦੋਵਾਲ ਤੇ 26 ਨਵੰਬਰ ਨੂੰ ਫਿਰੋਜ਼ਪੁਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉੱਤੇ ਗ਼ਦਰੀਆਂ ਦੀਆਂ ਵੱਡੀਆਂ ਮੀਟਿੰਗਾਂ ਹੋਈਆਂ। ਜਲਾਲਾਬਾਦ ਵਾਲੀ ਸੜਕ ਉੱਤੇ ਕੀਤੀ ਗਈ ਮੀਟਿੰਗ ਵਿਚ ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕਰਕੇ ਹਥਿਆਰ ਖੋਹਣ ਦੀ ਵਿਉਂਤ ਲੜਾਈ ਗਈ। ਇਹ ਮੀਟਿੰਗ 30 ਨਵੰਬਰ ਨੂੰ ਹੋਣੀ ਸੀ ਪਰ ਪੂਰੀ ਤਿਆਰੀ ਨਾ ਹੋਣ ਕਰਕੇ ਹਮਲਾ ਕਰਨ ਦੀ ਸਲਾਹ ਬਦਲ ਦਿੱਤੀ।

ਮੀਟਿੰਗ ਕਰਕੇ ਅਗਲੇ ਦਿਨ ਮੋਗੇ ਵੱਲ ਜਾ ਰਹੇ ਗ਼ਦਰੀ ਟਾਂਗਿਆਂ ਉਤੇ ਸਵਾਰ ਸਨ। ਅੱਗੇ ਮਿਸ਼ਰੀ ਵਾਲਾ ਪੁਲ ਦੇ ਉਤੇ ਪੁਲੀਸ ਦਾ ਨਾਕਾ ਲੱਗਾ ਹੋਇਆ ਸੀ। ਇਥੇ ਗ਼ਦਰੀਆਂ ਦੀ ਪੁਲੀਸ ਨਾਲ ਮੁੱਠ ਭੇੜ ਹੋ ਗਈ। ਥਾਣੇਦਾਰ ਨੇ ਰਹਿਮਤ ਅਲੀ ਦੇ ਥੱਪੜ ਕੱਢ ਮਾਰਿਆ ਸੀ, ਜਿਸ ਤੋਂ ਗੁੱਸੇ ਵਿਚ ਆ ਕੇ ਗਾਂਧਾ ਸਿੰਘ ਕੱਚਰਭੰਨ ਨੇ ਥਾਣੇਦਾਰ ਦੇ ਪਸਤੌਲ ਨਾਲ ਗੋਲੀ ਮਾਰ ਕੇ ਉਸ ਨੂੰ ਥਾਏਂ ਢੇਰ ਕਰ ਦਿੱਤਾ। ਲੋਕਾਂ ਵਿਚ ਭਗਦੜ ਮੱਚ ਗਈ। ਕੁਝ ਗ਼ਦਰੀ ਤਾਂ ਲੋਕਾਂ ਵਿਚ ਰਲ ਕੇ ਭੱਜ ਗਏ। ਧਿਆਨ ਸਿੰਘ ਬੰਗਸੀਪੁਰਾ ਤੇ ਚੰਦਾ ਸਿੰਘ ਵੜੈਚ ਸਰਕੜੇ ਵਿਚ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਕਾਂਸ਼ੀ ਰਾਮ ਮੜ੍ਹੌਲੀ, ਜੀਵਨ ਸਿੰਘ ਦੌਲੇ ਸਿੰਘ ਵਾਲਾ, ਰਹਿਮਤ ਅਲੀ ਵਜੀਦਕੇ, ਬਖਸ਼ੀਸ਼ ਸਿੰਘ ਖਾਨਪੁਰ, ਲਾਲ ਸਿੰਘ ਸਾਹਿਬਾਣਾ, ਜਗਤ ਸਿੰਘ ਬਿੰਝਲ ਤੇ ਧਿਆਨ ਸਿੰਘ ਉਮਰਪੁਰੀਆ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ। ਗੁੱਜਰ ਸਿੰਘ ਭਕਨਾ, ਪੰਡਤ ਜਗਤ ਰਾਮ ਤੇ ਪਿਰਥੀ ਸਿੰਘ ਨੂੰ ਵੱਖ-ਵੱਖ ਥਾਵਾਂ ਤੋਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਦੇ ਸਮੇਂ ਵੀ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀ ਪੂਰੀ ਤਰ੍ਹਾਂ ਸਰਗਰਮ ਸਨ। ਉਨ੍ਹਾਂ ਦੇ ਸਾਹਮਣੇ ਇੱਕੋ ਇਕ ਉਦੇਸ਼ ਸੀ ਕਿ ਹਰ ਹਾਲਤ ਗ਼ਦਰ

ਕਰਕੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਾਂਗੇ। ਦੇਸ਼ ਨੂੰ ਅਜ਼ਾਦ ਕਰਵਾ ਕੇ ਏਥੇ ਆਪਣੀ ਸਰਕਾਰ ਕਾਇਮ ਕਰਾਂਗੇ। ਇਹ ਲੋਕਾਂ ਦੀ ਆਪਣੀ ਸਰਕਾਰ ਹੋਵੇਗੀ। ਸਭ ਲੋਕਾਂ ਨੂੰ ਕੰਮ ਮਿਲੇਗਾ। ਰੱਜਵੀਂ ਰੋਟੀ ਮਿਲੇਗੀ। ਇਸ ਔਖੇ ਸਮੇਂ ਕਰਤਾਰ ਸਿੰਘ ਸਰਾਭਾ ਨੇ ਗ਼ਦਰ ਪਾਰਟੀ ਵਿਚ ਅਤਿ ਨਿੱਡਰ ਤੇ ਸੂਝਵਾਨ ਆਗੂ ਵਜੋਂ ਵਿਸ਼ੇਸ਼ ਭੂਮਿਕਾ ਨਿਭਾਈ।

ਫੇਰੂ ਸ਼ਹਿਰ ਕਾਂਡ ਨਾਲ ਗ਼ਦਰ ਪਾਰਟੀ ਨੂੰ ਇੱਕ ਵੱਡੀ ਸੱਟ ਵੱਜੀ ਸੀ ਪਰ ਫਿਰ ਵੀ ਗ਼ਦਰ ਲਹਿਰ ਅੱਗੇ ਵਧਦੀ ਗਈ। ਨਵੰਬਰ 1914 ਦੇ ਪਿਛਲੇ ਦਿਨਾਂ ਵਿਚ ਗ਼ਦਰ ਲਹਿਰ ਨਵੇਂ ਦੌਰ ਵਿਚ ਦਾਖਲ ਹੁੰਦੀ ਹੈ। ਪੰਜਾਬ ਦੀ ਗ਼ਦਰ ਲਹਿਰ ਦਾ ਸਬੰਧ ਬੰਗਾਲ ਦੀ ਇਨਕਲਾਬੀ ਲਹਿਰ ਨਾਲ ਜੁੜ ਗਿਆ। ਇਸ ਸਮੇਂ ਵਿਸ਼ਨੂੰ ਗਣੇਸ਼ ਪਿੰਗਲੇ 20 ਨਵੰਬਰ 1914 ਨੂੰ ਅਮਰੀਕਾ ਤੋਂ ਕਲਕੱਤੇ ਪਹੁੰਚ ਗਏ ਸਨ। ਕਲਕੱਤੇ ਤੋਂ ਉਹ ਦਿੱਲੀ ਬੰਬ ਕਾਂਡ ਦੇ ਚਰਚਿਤ ਇਨਕਲਾਬੀ ਰਾਸ ਬਿਹਾਰੀ ਬੋਸ ਕੋਲ ਬਨਾਰਸ ਪਹੁੰਚ ਗਏ ਜਿੱਥੇ ਰਾਸ ਬਿਹਾਰੀ ਬੋਸ ਛੁਪ ਕੇ ਰਹਿ ਰਹੇ ਸਨ। ਏਥੇ ਉਨ੍ਹਾਂ ਦਾ ਬੰਗਾਲ ਦੇ ਇਨਕਲਾਬੀਆਂ ਨਾਲ ਪੂਰਾ ਸੰਪਰਕ ਸੀ।

ਕਰਤਾਰ ਸਿੰਘ ਸਰਾਭਾ ਵੀ ਨਵੰਬਰ ਵਿਚ ਬੰਗਾਲ ਦੇ ਇਨਕਲਾਬੀਆਂ ਨੂੰ ਮਿਲ ਆਇਆ ਸੀ। ਇਸ ਕੰਮ ਲਈ ਭਾਈ ਪਰਮਾਨੰਦ ਲਹੌਰ ਵਾਲੇ ਨੇ ਉਸ ਦੀ ਮੱਦਦ ਕੀਤੀ ਸੀ। ਇਸ ਸਮੇਂ ਅੰਗਰੇਜ਼ੀ ਸਰਕਾਰ ਗ਼ਦਰੀਆਂ ਉਤੇ ਬੜੀ ਸਖ਼ਤ ਨਜ਼ਰ ਰੱਖ ਰਹੀ ਸੀ। ਪੰਜਾਬ ਦੇ ਬਹੁਤੇ ਜ਼ੈਲਦਾਰ, ਬਹੁਤੇ ਲੰਬੜਦਾਰ, ਵੱਡੇ ਸ਼ਾਹੂਕਾਰ ਤੇ ਵੱਡੇ ਜ਼ਿਮੀਦਾਰ ਅੰਗਰੇਜ਼ਾਂ ਦੇ ਪਿੱਠੂ ਬਣ ਗਏ ਸਨ। ਕੈਨੇਡਾ ਤੋਂ ਪੰਜਾਬ ਆ ਕੇ ਉੱਤਮ ਸਿੰਘ ਸਿੱਧਾ ਆਪਣੀ ਭੈਣ ਪਰੇਮ ਕੌਰ ਦੇ ਪਿੰਡ ਸ਼ੇਖ ਦੌਲਤ ਪਹੁੰਚ ਗਿਆ ਜਿਥੋਂ ਉਸ ਨੂੰ ਪੰਜਾਬ ਬਾਰੇ ਕਾਫੀ ਜਾਣਕਾਰੀ ਮਿਲੀ।

# ਉੱਤਮ ਸਿੰਘ ਆਪਣੇ ਘਰ ਆਇਆ

ਉੱਤਮ ਸਿੰਘ ਹਾਂਸ ਦੀ ਮਾਤਾ ਤੇ ਭਰਾ ਭਰਜਾਈ ਨੂੰ ਪਤਾ ਲੱਗ ਚੁੱਕਾ ਸੀ ਕਿ ਉਨ੍ਹਾਂ ਦਾ ਲਾਡਲਾ ਰਾਘੋ ਕੈਨੇਡਾ ਤੋਂ ਵਾਪਸ ਦੇਸ਼ ਪਰਤ ਆਇਆ ਹੈ ਪਰ ਉਹ ਇਸ ਚਿੰਤਾ ਵਿਚ ਸਨ ਕਿ ਉਹ ਘਰ ਕਿਉਂ ਨਹੀਂ ਮੁੜਿਆ। ਵੱਡੀ ਭੈਣ ਸ਼ੇਖ ਦੌਲਤ ਤੋਂ ਆ ਕੇ ਸਭ ਕੁਝ ਦੱਸ ਗਈ ਸੀ ਕਿ ਉਸ ਦਾ ਪਿਆਰਾ ਵੀਰ ਰਾਘੋ ਉਸ ਨੂੰ ਪਿੰਡ ਜਾ ਕੇ ਮਿਲ ਆਇਆ ਹੈ। ਉਹ ਠੀਕ ਠਾਕ ਹੈ। ਘਰ ਵਿਚ ਸਾਰੇ ਉੱਤਮ ਸਿੰਘ ਨੂੰ ਰਾਘੋ ਸਿੰਘ ਆਖ ਕੇ ਬੁਲਾਉਂਦੇ ਸਨ। ਪਿੰਡ ਦੇ ਲੋਕ ਵੀ ਉਸ ਨੂੰ ਰਾਘੋ ਹੀ ਆਖਦੇ ਸਨ। ਘਰ ਵਾਲੇ ਰਾਘੋ ਦੇ ਆਉਣ 'ਤੇ ਖੁਸ਼ ਤਾਂ ਸਨ ਪਰ ਉਸ ਦੇ ਘਰ ਨਾ ਆਉਣ ਕਾਰਨ ਵੱਡੀ ਚਿੰਤਾ ਵਿਚ ਫਸ ਗਏ ਸਨ। ਮਾਤਾ, ਵੱਡਾ ਭਰਾ, ਭਰਜਾਈ ਤੇ ਉੱਤਮ ਸਿੰਘ ਦੇ ਭਤੀਜੇ ਹਰ ਵੇਲੇ ਇਹੋ ਅਰਦਾਸ ਕਰਦੇ ਕਿ ਰਾਘੋ ਘਰ ਆ ਜਾਵੇ। ਘਰ ਵਿਚ ਸਾਰਾ ਦਿਨ ਉਸ ਦੀਆਂ ਹੀ ਗੱਲਾਂ ਹੁੰਦੀਆਂ। ਕਈ ਵਾਰ ਘਰ ਵਾਲੇ ਸੋਚਦੇ ਕਿ ਕਿਤੇ ਰਾਘੋ ਨੂੰ ਪੁਲੀਸ ਨੇ ਗ੍ਰਿਫ਼ਤਾਰ ਨਾ ਕਰ ਲਿਆ ਹੋਵੇ। ਪਿੰਡ ਵਿਚ ਅਕਸਰ ਹੀ ਇਹ ਗੱਲਾਂ ਚੱਲਦੀਆਂ ਸਨ ਕਿ ਅਮਰੀਕਾ/ਕੈਨੇਡਾ ਤੋਂ ਗਦਰੀ ਅੰਗਰੇਜ਼ਾਂ ਨਾਲ ਯੁੱਧ ਕਰਨ ਲਈ ਆ ਰਹੇ ਹਨ। ਇਸ ਕਰਕੇ ਘਰ ਵਿਚ ਇਕ ਅਜੀਬ ਹੀ ਗ਼ਮਗੀਨ ਮਹੌਲ ਬਣ ਗਿਆ।

ਭਰਾ ਨਰਾਇਣ ਸਿੰਘ ਆਪਣੀ ਭੈਣ ਪਰੇਮ ਕੌਰ ਕੋਲ ਸ਼ੇਖ ਦੌਲਤ ਵੀ ਗਿਆ। ਪਤਾ ਲੱਗਾ ਕਿ ਰਾਘੋ ਤਾਂ ਏਥੇ ਰਾਤ ਰਹਿ ਕੇ ਗਿਆ ਹੈ। ਉਹ ਪਿੰਡ ਆਵੇਗਾ ਜ਼ਰੂਰ ਪਰ ਕੁਝ ਦਿਨ ਠਹਿਰ ਕੇ। ਘਰ ਵਾਲਿਆਂ ਦੀ ਚਿੰਤਾ ਤਾਂ ਦਿਨੋ ਦਿਨ ਵਧ ਰਹੀ ਸੀ। ਮਾਤਾ ਸਾਰਾ ਦਿਨ ਵਾਹਿਗੁਰੂ ਅੱਗੇ ਅਰਦਾਸਾਂ ਕਰਦੀ ਕਿ ਉਹ ਮੇਰੇ ਪੁੱਤਰ ਨੂੰ ਘਰ ਜਲਦੀ ਭੇਜ ਦੇਵੇ। ਫਿਰ ਇਕ ਦਿਨ ਰਾਤ ਸਮੇਂ ਉੱਤਮ ਸਿੰਘ ਆਪਣੇ ਘਰ ਵਿਚ ਆ ਗਿਆ। ਮਾਤਾ ਕਿੰਨਾ ਈ ਚਿਰ ਉਸ ਨੂੰ ਆਪਣੀ ਬੁੱਕਲ ਵਿਚ ਲੈ ਕੇ ਪਿਆਰ ਕਰਦੀ ਰਹੀ। ਭਰਾ ਭਰਜਾਈ ਨੇ ਪਿਆਰ ਦਿੱਤਾ। ਸਾਰੇ ਭਤੀਜੇ ਕੋਲ ਆ ਕੇ ਬੈਠ ਗਏ।

ਉੱਤਮ ਸਿੰਘ ਨੇ ਆਪਣੇ ਪਰੀਵਾਰ ਵਿਚ ਬੈਠ ਕੇ ਕੋਈ ਵੀ ਗੱਲ ਨਾ ਲੁਕਾਈ। ਉਸ ਨੇ ਸਾਫ-ਸਾਫ ਦੱਸਿਆ ਕਿ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਚੁੱਕਿਆ ਹੈ। ਪਾਰਟੀ ਦਾ ਪ੍ਰੋਗਰਾਮ ਹੈ ਕਿ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿੱਚੋਂ ਕੱਢ ਕੇ ਦੇਸ਼ ਨੂੰ ਅਜ਼ਾਦ ਕਰਵਾਉਣਾ ਹੈ। ਉੱਤਮ ਸਿੰਘ ਨੂੰ ਪਤਾ ਸੀ ਕਿ ਘਰ ਵਿਚ ਪੁਲੀਸ ਕਦੇ ਵੀ ਆ ਸਕਦੀ ਹੈ। ਇਸ ਕਰਕੇ ਸਾਰੇ ਪਰਿਵਾਰ ਨੂੰ ਸੁਚੇਤ ਕਰਨਾ ਜ਼ਰੂਰੀ ਹੈ। ਮਾਤਾ ਤੇ ਭਰਾ

ਨਰਾਇਣ ਸਿੰਘ ਇਕ ਹੋਰ ਗੱਲ ਤੋਂ ਵੀ ਉਦਾਸ ਸਨ ਕਿ ਰਾਘੋ ਕੈਨੇਡਾ ਤੋਂ ਖਾਲੀ ਹੱਥ ਹੀ ਮੁੜਿਆ ਹੈ। ਭਰਾ ਨੇ ਕਿਹਾ ਕਿ ਰਾਘੋ ਤੂੰ ਕੈਨੇਡਾ ਤੋਂ ਆ ਕੇ ਚੰਗਾ ਨਹੀਂ ਕੀਤਾ। ਘਰ ਦੀ ਬਹੁਤ ਮਾੜੀ ਹਾਲਤ ਹੈ। ਤੇਰੀ ਪੜ੍ਹਾਈ ਉਤੇ ਖਰਚਾ ਹੋਇਆ। ਭੈਣ ਦਾ ਵਿਆਹ ਕੀਤਾ ਸੀ। ਵਿਆਹ ਦਾ ਕਰਜ਼ਾ ਹਾਲੇ ਸਿਰ ਉਤੇ ਹੈ। ਘਰ ਦਾ ਕੀ ਬਣੂਗਾ। ਕਿੰਨੀ ਵੱਡੀ ਕਬੀਲਦਾਰੀ ਹੈ। ਕੱਲ੍ਹ ਨੂੰ ਜਵਾਕਾਂ ਦਾ ਖਰਚਾ ਵਧੂਗਾ। ਭਾਣਜੇ ਦਾ ਵਿਆਹ ਆ ਗਿਆ ਤਾਂ ਫੇਰ ਕੀ ਕਰਾਂਗੇ।

ਵੱਡੇ ਭਰਾ ਦੀਆਂ ਗੱਲਾਂ ਸੁਣ ਕੇ ਉੱਤਮ ਸਿੰਘ ਬੜੇ ਧੀਰਜ ਨਾਲ ਕਹਿਣ ਲੱਗਾ ਕਿ ਭਰਾ ਮੇਰਿਆ ਮੈਂ ਇਕੱਲਾ ਹੀ ਕੈਨੇਡਾ ਤੋਂ ਨਹੀਂ ਮੁੜਿਆ। ਅਮਰੀਕਾ, ਚੀਨ, ਜਾਪਾਨ, ਬਰ੍ਹਮਾ, ਹਾਂਗਕਾਂਗ ਤੇ ਫਿਲਪਾਈਨ ਵਰਗੇ ਦੇਸ਼ਾਂ ਤੋਂ ਗ਼ਦਰੀ ਆਪਣੀਆਂ ਜਾਇਦਾਦਾਂ ਛੱਡ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਿੰਦ ਪਰਤ ਆਏ ਹਨ। ਹੁਣ ਦੁਨੀਆਂ ਦੀ ਜੰਗ ਲੱਗ ਚੁੱਕੀ ਐ। ਅੰਗਰੇਜ਼ ਜੰਗ ਵਿਚ ਫਸ ਚੁੱਕੇ ਐ। ਅਸੀਂ ਦੇਸ਼ ਵਿਚ ਗ਼ਦਰ ਕਰਕੇ ਅੰਗਰੇਜ਼ਾਂ ਨੂੰ ਏਥੋਂ ਕੱਢ ਕੇ ਛੱਡਾਂਗੇ। ਦੇਸ਼ ਸਾਡਾ ਤੇ ਰਾਜ ਕਰਨ ਗੋਰੇ ਬਾਹਰੋਂ ਆ ਕੇ। ਇਹ ਲੁੱਟ ਕੇ ਖਾ ਗਏ ਸਾਡੇ ਦੇਸ਼ ਨੂੰ। ਕਿਸਾਨ ਤਾਂ ਅਸਲੋਂ ਕੰਗਾਲ ਕਰ ਦਿੱਤੇ।

ਭਰਾ ਹੋਰ ਵੀ ਫਿਕਰ ਕਰਦਾ ਕਹਿਣ ਲੱਗਾ ਕਿ ਅੰਗਰੇਜ਼ਾਂ ਕੋਲ ਫੌਜ, ਪੁਲਸ ਤੇ ਤੁਸੀਂ ਅੰਗਰੇਜ਼ਾਂ ਨੂੰ ਕੀ ਕਰ ਦਿਓਗੇ। ਇਹ ਤੁਹਾਨੂੰ ਫੜ ਕੇ ਅੰਦਰ ਕਰ ਦੇਣਗੇ। ਉੱਤਮ ਸਿੰਘ ਹੱਸ ਕੇ ਕਹਿਣ ਲੱਗਾ ਕਿ ਭਰਾ ਮੇਰਿਆ ਜੇ ਪੁਲੀਸ ਮੈਨੂੰ ਫੜਨ ਆ ਜਾਵੇ ਤਾਂ ਤੁਸੀਂ ਕਹਿਣਾ ਕਿ ਸਾਨੂੰ ਤਾਂ ਪਤਾ ਨਹੀਂ ਬਈ ਰਾਘੋ ਕਿੱਥੇ ਐ। ਉਂਜ ਵੇਲੇ ਕੁਵੇਲੇ ਮੈਂ ਤੁਹਾਨੂੰ ਮਿਲ ਕੇ ਜਾਇਆ ਕਰਾਂਗਾ। ਬੱਸ ਤੁਸੀਂ ਮੇਰੀ ਫਿਕਰ ਨਹੀਂ ਕਰਨੀ।

ਮਾਤਾ ਡੂੰਘੇ ਵਿਰਾਗ ਵਿਚ ਕਹਿਣ ਲੱਗੀ ਕਿ ਪੁੱਤਰ ਮੈਂ ਤਾਂ ਤੇਰਾ ਵਿਆਹ ਕਰਾਂਗੀ। ਕੀ ਹੋਇਆ ਜੇ ਤੇਰੀ ਵਹੁਟੀ ਦਾ ਇਸ ਘਰ ਵਿਚ ਪੈਰ ਨਹੀਂ ਪਿਆ। ਮੈਂ ਤਾਂ ਵਾਹਿਗੁਰੂ ਅੱਗੇ ਨਿੱਤ ਹੱਥ ਜੋੜਦੀ ਆਂ ਕਿ ਮੇਰਾ ਪੁੱਤਰ ਘਰ ਆਵੇ। ਕਮਾਈ ਕਰਕੇ ਲਿਆਵੇ। ਮੈਂ ਉਸ ਦਾ ਹੋਰ ਵਿਆਹ ਕਰਾਂਗੀ।

ਉੱਤਮ ਸਿੰਘ ਨੇ ਮਾਤਾ ਦਾ ਦਿਲ ਧਰਾਉਂਦਿਆਂ ਕਿਹਾ ਕਿ ਵੇਖ ਮੇਰਾ ਵੱਡਾ ਭਰਾ ਤੇਰੇ ਕੋਲ ਐ। ਭਰਜਾਈ ਕਿੰਨੀ ਚੰਗੀ ਐ। ਤੇਰੀ ਸੇਵਾ ਵੀ ਕਰਦੀ ਐ। ਮੇਰੇ ਭਤੀਜੇ ਤੇਰੇ ਕੋਲ ਬੈਠੇ ਐ। ਮੇਰੇ ਇਹੀ ਪੁੱਤਰ ਐ। ਮਾਂ ਤੂੰ ਮੇਰਾ ਫਿਕਰ ਨਾ ਕਰਿਆ ਕਰ। ਵੇਖ ਭਾਰਤ ਮਾਤਾ ਸਾਨੂੰ ਉਡੀਕ ਰਹੀ ਸੀ। ਉਸ ਦੇ ਪੈਰੀਂ ਬੇੜੀਆਂ ਪਈਆਂ ਹਨ। ਉਹ ਸਾਨੂੰ ਪੁਕਾਰ ਰਹੀ ਐ। ਮਾਂ ਅਸੀਂ ਸਭ ਗ਼ਦਰੀ ਬਾਹਰੋਂ ਹੁਣ ਆ ਗਏ। ਅਸੀਂ ਭਾਰਤ ਮਾਤਾ ਦੇ ਪੈਰਾਂ 'ਚੋਂ ਬੇੜੀਆਂ ਕੱਟ ਕੇ ਦਮ ਲਵਾਂਗੇ। ਦੇਸ਼ ਨੂੰ ਅਜ਼ਾਦ ਕਰਵਾ ਕੇ ਏਥੇ ਅਸੀਂ ਆਪਣੀ ਸਰਕਾਰ ਕਾਇਮ ਕਰਾਂਗੇ। ਕੋਈ ਵੀ ਬੰਦਾ ਦੇਸ਼ ਵਿਚ ਭੁੱਖੇ ਪੇਟ ਨਹੀਂ ਸੌਂਵੇਂਗਾ। ਸਭ ਕੋਲ ਕੰਮ ਹੋਵੇਗਾ। ਸਭ ਕੋਲ ਆਪਣਾ ਘਰ ਹੋਵੇਗਾ। ਸਕੂਲ ਖੋਲ੍ਹਾਂਗੇ। ਹਸਪਤਾਲ ਖੋਲ੍ਹਾਂਗੇ। ਅਸੀਂ ਦੇਸ਼ ਦੀ ਤਕਦੀਰ ਬਦਲ ਦੇਵਾਂਗੇ।

ਉੱਤਮ ਸਿੰਘ ਦੀਆਂ ਗੱਲਾਂ ਸੁਣ ਕੇ ਭਰਾ ਭਰਜਾਈ ਚੁੱਪ ਹੋ ਗਏ। ਮਾਤਾ ਤਾਂ ਜਿਵੇਂ ਸੁੰਨ ਹੋ ਗਈ। ਪਿਆਰੇ ਪੁੱਤ ਨੂੰ ਕੀ ਹੋ ਗਿਆ। ਮਾਂ ਦੇ ਦਿਲ ਵਿਚ ਤਾਂ ਅਨੇਕਾਂ ਰੀਝਾਂ ਸਨ ਤੇ ਪੁੱਤ ਨੇ ਨਵੀਆਂ ਗੱਲਾਂ ਕਹਿ ਸੁਣਾਈਆਂ। ਮਾਂ ਤਾਂ ਮਾਂ ਹੀ ਹੁੰਦੀ ਹੈ। ਬੱਚਿਆਂ ਨੂੰ ਜਨਮ ਦੇਣ ਵਾਲੀ। ਪਾਲਣ ਵਾਲੀ। ਬੱਚਿਆਂ ਦੀ ਹਰ ਵੇਲੇ ਸੁਖ ਮੰਗਣ ਵਾਲੀ। ਮਾਂ ਨੂੰ ਜੋ ਮਰਜ਼ੀ ਹੋ ਜਾਵੇ ਪਰ ਬੱਚਿਆਂ ਨੂੰ ਕੁਝ ਨਾ ਹੋਵੇ। ਮਾਂ ਰੱਬ ਦਾ ਦੂਜਾ ਰੂਪ। ਜੇ ਕਿਤੇ ਰਾਘੋ ਨੂੰ ਕੁਝ ਹੋ ਗਿਆ ਤਾਂ ਫੇਰ ਕੀ ਕਰਾਂਗੇ। ਪਰਿਵਾਰ ਕਿਵੇਂ ਬਚੇਗਾ। ਮਾਂ ਦਾ ਹਿਰਦਾ ਤੜਪ ਕੇ ਰਹਿ ਗਿਆ। ਪੁੱਤਰ ਨੂੰ ਕੀ ਆਖਾਂ, ਕਿਵੇਂ ਸਮਝਾਵਾਂ! ਰਾਘੋ ਨੂੰ ਤਾਂ ਹੁਣ ਦੇਸ਼ ਭਗਤੀ ਦਾ ਰੰਗ ਚੜ੍ਹ ਚੁੱਕਾ ਸੀ। ਉਸ ਨੂੰ ਆਪਣੀ ਜ਼ਿੰਦਗੀ ਨਹੀਂ ਦੇਸ਼ ਦੀ ਅਜ਼ਾਦੀ ਚਾਹੀਦੀ ਸੀ। ਦੇਸ਼ ਅਜ਼ਾਦ ਹੋਵੇ ਇਸ ਲਈ ਉਹ ਮਰ ਮਿਟਣ ਲਈ ਤਿਆਰ ਸੀ। ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਉਸ ਦੇ ਅੰਦਰ ਜੋਸ਼ ਠਾਠਾਂ ਮਾਰ ਰਿਹਾ ਸੀ। ਉੱਤਮ ਸਿੰਘ ਘਰ ਵਿਚ ਰਾਤ ਰਿਹਾ ਤੇ ਕੁੱਕੜ ਦੀ ਬਾਂਗ ਨਾਲ ਉਹ ਉਠ ਕੇ ਘਰੋਂ ਤੁਰ ਪਿਆ। ਉਸ ਨੇ ਤਾਂ ਬੜੇ ਕੰਮ ਕਰਨੇ ਸਨ।

# ਉੱਤਮ ਸਿੰਘ ਗ਼ਦਰ ਪਾਰਟੀ ਵਿਚ ਹੋਰ ਸਰਗਰਮ

ਈਸ਼ਰ ਸਿੰਘ ਢੁੱਡੀਕੇ ਤੇ ਪਾਖਰ ਸਿੰਘ ਢੁੱਡੀਕੇ ਕੈਨੇਡਾ ਤੋਂ ਉੱਤਮ ਸਿੰਘ ਹਾਂਸ ਨਾਲ ਇੱਕੋ ਜਹਾਜ਼ ਵਿਚ ਇਕੱਠੇ ਆਏ ਸਨ। ਕੈਨੇਡਾ ਵਿਚ ਵੀ ਇਹ ਇਕ ਦੂਜੇ ਦੇ ਬਹੁਤ ਨੇੜੇ ਸਨ। ਇਸ ਕਰਕੇ ਉੱਤਮ ਸਿੰਘ ਦਾ ਆਸੇ ਪਾਸੇ ਦੇ ਗ਼ਦਰੀਆਂ ਨਾਲ ਛੇਤੀ ਹੀ ਸੰਪਰਕ ਬਣ ਗਿਆ। ਇਸ ਤੋਂ ਪਹਿਲਾਂ ਕਰਤਾਰ ਸਿੰਘ ਸਰਾਭਾ, ਰਾਮ ਸਰਨ ਦਾਸ, ਭਾਈ ਪਰਮਾਨੰਦ, ਪ੍ਰਿਥਵੀ ਸਿੰਘ, ਅਮਰ ਸਿੰਘ, ਰਾਮ ਰੱਖਾ, ਨਿਧਾਨ ਸਿੰਘ ਚੁੱਘਾ, ਬੰਤਾ ਸਿੰਘ ਸੰਘਵਾਲ ਤੇ ਹੋਰ ਗ਼ਦਰੀਆਂ ਨੇ ਮਿਲ ਕੇ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਪੈਦਾ ਕਰ ਲਿਆ ਸੀ। ਸਭ ਦੀ ਰਾਏ ਸੀ ਕਿ ਬੰਗਾਲ ਦੇ ਮਸ਼ਹੂਰ ਇਨਕਲਾਬੀ ਰਾਸ ਬਿਹਾਰੀ ਬੋਸ ਨੂੰ ਪੰਜਾਬ ਲਿਆਂਦਾ ਜਾਵੇ। ਕਰਤਾਰ ਸਿੰਘ ਨੇ ਭੱਜ ਨੱਠ ਕਰਕੇ ਇਸ ਗੱਲ ਨੂੰ ਯਕੀਨੀ ਬਣਾ ਲਿਆ। ਵਿਸ਼ਨੂੰ ਗਣੇਸ਼ ਪਿੰਗਲੇ ਬੰਗਾਲ ਆਇਆ ਤੇ ਫਿਰ ਉਹ ਪੰਜਾਬ ਵੀ ਗੇੜਾ ਮਾਰ ਗਿਆ। ਰਾਸ ਬਿਹਾਰੀ ਬੋਸ ਨੇ ਪੰਜਾਬ ਦੇ ਹਾਲਾਤ ਵੇਖਣ ਲਈ ਸਚਿੰਦਰ ਨਾਲ ਸਾਨਿਆਲ ਨੂੰ ਪੰਜਾਬ ਭੇਜ ਦਿੱਤਾ। ਸਨਿਆਲ ਨੇ ਗ਼ਦਰੀ ਦੇਸ਼ ਭਗਤਾਂ ਦੇ ਕੰਮ ਤੇ ਉਨ੍ਹਾਂ ਦੇ ਜੋਸ਼ ਨੂੰ ਵੇਖਦੇ ਹੋਏ ਤਸੱਲੀ ਪ੍ਰਗਟ ਕੀਤੀ। ਫਿਰ ਸਚਿੰਦਰ ਨਾਥ ਦੀ ਸਲਾਹ ਨਾਲ ਅੰਮ੍ਰਿਤਸਰ ਸ਼ਹਿਰ ਨੂੰ ਗ਼ਦਰ ਪਾਰਟੀ ਦਾ ਕੇਂਦਰ ਬਣਾਉਣ ਦਾ ਫੈਸਲਾ ਲਿਆ ਗਿਆ। ਅੰਮ੍ਰਿਤਸਰ ਵਿਚ ਕਰਤਾਰ ਸਿੰਘ ਸਰਾਭਾ, ਰਾਮ ਸਰਨ ਦਾਸ ਤੇ ਬੀਬੀ ਗੁਲਾਬ ਕੌਰ ਦੀ ਮੱਦਦ ਨਾਲ ਤਿੰਨ ਮਕਾਨ ਕਿਰਾਏ ਉੱਤੇ ਲਏ ਗਏ। ਇਸ ਪਿਛੋਂ 31 ਦਸੰਬਰ ਨੂੰ ਵਰਪਾਲੀ ਦੀ ਧਰਮਸ਼ਾਲਾ ਵਿਚ ਗ਼ਦਰੀਆਂ ਦੀ ਇਕ ਅਹਿਮ ਮੀਟਿੰਗ ਬੁਲਾਈ ਗਈ।

ਬਾਹਰੋਂ ਆਏ ਗ਼ਦਰੀਆਂ ਨੇ ਜਹਾਜ਼ਾਂ ਵਿਚ ਸਫ਼ਰ ਕਰਨ ਸਮੇਂ ਹੀ ਇਕ ਦੂਜੇ ਦੇ ਨਾਮ ਤੇ ਪੂਰਾ ਥਾਂ ਟਿਕਾਣਾ ਨੋਟ ਕਰ ਲਿਆ ਸੀ, ਜਿਸ ਨਾਲ ਇਧਰ ਆ ਕੇ ਇਕ ਦੂਜੇ ਨੂੰ ਮਿਲਣਾ ਸੌਖਾ ਹੋ ਗਿਆ। ਇਸ ਤੋਂ ਬਿਨਾਂ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਮਿਲਣ ਦਾ ਯਤਨ ਹੁੰਦਾ ਰਿਹਾ। ਅੰਮ੍ਰਿਤਸਰ ਵਿਚ ਕੀਤੀ ਗਈ ਮੀਟਿੰਗ ਵਿਚ ਕਈ ਅਹਿਮ ਫੈਸਲੇ ਕੀਤੇ ਗਏ। ਗ਼ਦਰੀ ਸਾਹਿਤ ਛਾਪ ਕੇ ਲੋਕਾਂ ਵਿਚ ਵੰਡਣਾ, ਹਥਿਆਰਾਂ ਦਾ ਪ੍ਰਬੰਧ ਕਰਨਾ, ਰੁਪਏ ਦਾ ਪ੍ਰਬੰਧ ਕਰਨਾ। ਲੋਕਾਂ ਵਿਚ ਤੇ ਫੌਜਾਂ ਵਿਚ ਜਾ ਕੇ ਗ਼ਦਰ ਬਾਰੇ ਪ੍ਰਚਾਰ ਕਰਨਾ। ਬੰਬ ਬਣਾਉਣ ਲਈ ਕੋਈ ਫੈਕਟਰੀ ਲਾਉਣੀ।

ਮਾਝਾ, ਮਾਲਵਾ ਤੇ ਦੁਆਬੇ ਵਿਚ ਅੱਗੋ ਜ਼ਿਲ੍ਹੇ ਵਾਰ ਕੰਮ ਕਰਨ ਦੀ ਡਿਊਟੀ

ਲਾਈ ਗਈ। ਈਸ਼ਰ ਸਿੰਘ ਢੁੱਡੀਕੇ ਨੂੰ ਫਿਰੋਜ਼ਪੁਰ ਤੇ ਉੱਤਮ ਸਿੰਘ ਹਾਂਸ ਨੂੰ ਲੁਧਿਆਣਾ ਜ਼ਿਲ੍ਹੇ ਵਿਚ ਪ੍ਰਚਾਰ ਲਈ ਮੁਖੀ ਵਜੋਂ ਲਾਇਆ ਗਿਆ। ਪਾਰਟੀ ਕੋਲ ਰੁਪਏ ਦੀ ਘਾਟ ਸੀ। ਇਸ ਕਰਕੇ ਕਰਤਾਰ ਸਿੰਘ ਸਰਾਭੇ ਦੇ ਜ਼ੋਰ ਦੇਣ ਨਾਲ ਗ਼ਦਰ ਪਾਰਟੀ ਨੇ ਅੰਗਰੇਜ਼ਾਂ ਦੇ ਪਿੱਠੂਆਂ ਤੇ ਵੱਡੇ ਸ਼ਾਹੂਕਾਰਾਂ ਦੇ ਘਰ ਡਾਕੇ ਮਾਰਨ ਦੀ ਵਿਉਂਤ ਬਣਾਈ ਸੀ।

ਪਾਰਟੀ ਵੱਲੋਂ ਸਾਰੇ ਪੰਜਾਬ ਵਿਚ ਗ਼ਦਰ ਲਈ ਧੜੱਲੇ ਨਾਲ ਪ੍ਰਚਾਰ ਕੀਤਾ ਗਿਆ। ਉੱਤਮ ਸਿੰਘ ਹਾਂਸ ਆਪਣੇ ਸਾਥੀਆਂ ਨਾਲ ਮਿਲ ਕੇ ਲੁਧਿਆਣੇ ਜ਼ਿਲ੍ਹੇ ਵਿਚ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਦਿਨ ਰਾਤ ਪ੍ਰਚਾਰ ਕਰਦਾ ਰਿਹਾ। ਅਰਜਣ ਸਿੰਘ ਜਗਰਾਉਂ, ਇੰਦਰ ਸਿੰਘ ਸ਼ੇਖ ਦੌਲਤ, ਨੰਦ ਸਿੰਘ ਕੈਲੇ ਤੇ ਗੁਰਮੁਖ ਸਿੰਘ ਲਲਤੋਂ ਪੂਰੀ ਤਰ੍ਹਾਂ ਸਰਗਰਮ ਹੋ ਗਏ। ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਤੇ ਅੰਗਰੇਜ਼ਾਂ ਦੇ ਜਬਰ ਜ਼ੁਲਮ ਵਿਰੁੱਧ ਖ਼ੂਬ ਪ੍ਰਚਾਰ ਕਰਦੇ। ਕਰਤਾਰ ਸਿੰਘ ਸਰਾਭੇ ਨੇ ਲੁਧਿਆਣੇ ਵਿਚ ਗ਼ਦਰੀ ਸਾਹਿਤ ਛਾਪਣ ਦਾ ਪ੍ਰਬੰਧ ਕਰ ਲਿਆ ਸੀ। ਉੱਤਮ ਸਿੰਘ ਹੋਰੀਂ ਇਹ ਸਾਹਿਤ ਲੋਕਾਂ ਵਿਚ ਵੰਡਦੇ।

ਪਾਰਟੀ ਨੇ ਪਹਿਲਾ ਡਾਕਾ ਸਾਹਨੇਵਾਲ ਪਿੰਡ ਵਿਚ ਮਾਰਿਆ ਸੀ। ਡਾਕਾ ਮਾਰਨ ਵਾਲਿਆਂ ਵਿਚ ਉੱਤਮ ਸਿੰਘ, ਈਸ਼ਰ ਸਿੰਘ ਤੇ ਕਰਤਾਰ ਸਿੰਘ ਸਰਾਭਾ ਸ਼ਾਮਲ ਸਨ। ਘਰ ਵਿਚੋਂ ਕੁਝ ਗਹਿਣੇ ਤੇ ਚਾਂਦੀ ਦੇ ਰੁਪਏ ਹੱਥ ਲੱਗੇ। ਡਾਕਾ ਮਾਰਨ ਵਾਲਿਆਂ ਵਿਚੋਂ ਇਕ ਸਾਥੀ ਨੇ ਘਰ ਦੀ ਨੌਜਵਾਨ ਲੜਕੀ ਦੀ ਬਾਂਹ ਪਕੜ ਲਈ। ਉਸ ਦੀ ਨੀਤ ਵਿਚ ਖੋਟ ਆ ਗਈ ਸੀ। ਕਰਤਾਰ ਸਿੰਘ ਸਰਾਭਾ ਇਕਦਮ ਗੁੱਸੇ ਵਿਚ ਆ ਗਿਆ। ਉਸ ਨੇ ਆਪਣਾ ਪਸਤੌਲ ਉਸ ਭਾਈ ਦੀ ਗਰਦਨ ਉੱਤੇ ਰੱਖ ਕੇ ਕਿਹਾ ਕਿ ਤੂੰ ਘੋਰ ਪਾਪ ਕੀਤਾ ਹੈ। ਤੇਰਾ ਗੁਨਾਹ ਬਖਸ਼ਣਯੋਗ ਨਹੀਂ। ਇਸ ਲੜਕੀ ਨੂੰ ਭੈਣ ਕਹਿ ਕੇ ਮਾਫੀ ਮੰਗ ਲੈ ਤੇ ਨਹੀਂ ਗੋਲੀ ਤੇਰੇ ਸਿਰ ਵਿਚੋਂ ਲੰਘ ਜਾਏਗੀ। ਉਸ ਭਾਈ ਨੇ ਕੁੜੀ ਦੇ ਪੈਰਾਂ ਉੱਤੇ ਡਿੱਗ ਕੇ ਮਾਫੀ ਮੰਗੀ। ਉੱਤਮ ਸਿੰਘ ਇਹ ਘਟਨਾ ਵੇਖ ਕੇ ਹੈਰਾਨ ਰਹਿ ਗਿਆ। ਕਰਤਾਰ ਸਿੰਘ ਸਰਾਭਾ ਸੱਚਾ ਸੁੱਚਾ ਦੇਸ਼ ਭਗਤ। ਗ਼ਦਰ ਪਾਰਟੀ ਦੀ ਅਗਵਾਈ ਕਰਨ ਵਾਲਾ ਨਿਧੜਕ ਤੇ ਬੇਦਾਗ ਆਗੂ।

ਉੱਤਮ ਸਿੰਘ ਹਾਂਸ ਆਪ ਵੀ ਹਰ ਰੋਜ਼ ਦੋ ਵੇਲੇ ਗੁਰਬਾਣੀ ਦਾ ਪਾਠ ਕਰਦਾ ਸੀ। ਸਾਹਨੇਵਾਲ ਦੀ ਘਟਨਾ ਤੋਂ ਬਾਅਦ ਤਾਂ ਉਸ ਦਾ ਦਿਲ ਹੋਰ ਵੀ ਤਕੜਾ ਹੋ ਗਿਆ। ਕਰਤਾਰ ਸਿੰਘ ਉਸ ਲਈ ਇਕ ਆਦਰਸ਼ ਬਣ ਗਿਆ। ਇਸ ਪਿੱਛੋਂ ਪਾਰਟੀ ਨੇ ਮਨਸੂਰਾਂ ਪਿੰਡ ਵਿਚ ਡਾਕਾ ਮਾਰਿਆ। ਝਾਬੇਵਾਲ ਪਿੰਡ ਵਿਚ ਬੰਬ ਬਣਾਉਣ ਦਾ ਕੰਮ ਸ਼ੁਰੂ ਕੀਤਾ। ਇਸ ਪਿੱਛੋਂ ਇਹ ਫੈਕਟਰੀ ਲੋਹਟਬੱਦੀ ਵਿਚ ਲਾਈ ਗਈ। ਹੁਣ ਤਾਂ ਉੱਤਮ ਸਿੰਘ ਦੇ ਦੂਰ ਦੂਰ ਤੱਕ ਗ਼ਦਰੀਆਂ ਨਾਲ ਚੰਗੇ ਸਬੰਧ ਬਣ ਚੁੱਕੇ ਸਨ। ਲੋੜ ਪੈਣ ਉੱਤੇ ਉੱਤਮ ਸਿੰਘ ਪਿੰਡ ਢੁੱਡੀਕੇ ਚਲਾ ਜਾਂਦਾ। ਕਈ ਵਾਰ ਈਸ਼ਰ ਸਿੰਘ ਵੀ ਉੱਤਮ ਸਿੰਘ ਕੋਲ ਆ ਜਾਂਦਾ। ਕਮਾਲਪੁਰਾ, ਕੈਲੇ, ਜਗਰਾਉਂ, ਸ਼ੇਖ ਦੌਲਤ, ਮੋਹੀ, ਨਾਰੰਗਵਾਲ,

ਲੁਧਿਆਣਾ ਤੇ ਲਤਾਲਾ ਵਿਚ ਇਹ ਚੱਕਰ ਲਾ ਜਾਂਦੇ।

ਪੰਜਾਬ ਵਿਚ ਗ਼ਦਰ ਪਾਰਟੀ ਹੁਣ ਦੁਬਾਰਾ ਸਰਗਰਮ ਹੋ ਗਈ ਸੀ। ਪੰਜਾਬ ਵਿਚ ਜਗੀਰਦਾਰ, ਸਰਦਾਰ ਤੇ ਵੱਡੇ ਕਿਸਾਨ ਬੇਸ਼ਕ ਅੰਗਰੇਜ਼ ਪੱਖੀ ਸਨ ਪਰ ਆਮ ਲੋਕ ਤਾਂ ਹਾਲੇ ਸੁੱਤੇ ਪਏ ਸਨ। ਉਹ ਅੰਗਰੇਜ਼ਾਂ ਦੇ ਜ਼ੁਲਮਾਂ ਤੋਂ ਤੰਗ ਸਨ ਪਰ ਉਨ੍ਹਾਂ ਵਿਚ ਅੰਗਰੇਜ਼ਾਂ ਵਿਰੁੱਧ ਕੋਈ ਗੱਲ ਕਹਿਣ ਦੀ ਹਿੰਮਤ ਨਹੀਂ ਸੀ। ਇਧਰ ਗ਼ਦਰੀ ਬਿਨਾਂ ਪੁਲੀਸ ਦੇ ਡਰ ਤੋਂ ਦਿਨ ਰਾਤ ਲੋਕਾਂ ਵਿਚ ਪ੍ਰਚਾਰ ਕਰ ਰਹੇ ਸਨ। ਵੱਡੇ ਸ਼ਾਹੂਕਾਰਾਂ ਤੇ ਵੱਡੇ ਪੁਲੀਸ ਅਫ਼ਸਰਾਂ ਨੂੰ ਵੀ ਉਹ ਟਿੱਚ ਸਮਝਦੇ। ਈਸ਼ਰ ਸਿੰਘ ਤੇ ਉੱਤਮ ਸਿੰਘ ਹਾਂਸ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਮਾਝੇ ਤੇ ਦੁਆਬੇ ਵਿਚ ਵੀ ਪਹੁੰਚ ਜਾਂਦੇ। ਪਿਆਰਾ ਸਿੰਘ ਲੰਗੇਰੀ, ਰੰਗਾ ਸਿੰਘ ਖੁਰਦਪੁਰ, ਹਰਦਿੱਤ ਸਿੰਘ ਡੱਲੇਵਾਲ, ਬੀਰ ਸਿੰਘ ਬਾਹੋਵਾਲ, ਬੰਤਾ ਸਿੰਘ ਸੰਘਵਾਲ ਤੇ ਜਵੰਧ ਸਿੰਘ ਨੰਗਲ ਇਨ੍ਹਾਂ ਦੇ ਖਾਸ ਹੀ ਮਿੱਤਰ ਪਿਆਰੇ ਬਣ ਗਏ ਸਨ। ਹੇਠਲੇ ਵਰਕਰ ਤੋਂ ਲੈ ਕੇ ਉਪਰਲੀ ਲੀਡਰਸ਼ਿਪ ਵਿਚ ਕਾਫੀ ਚੰਗਾ ਸੰਪਰਕ ਬਣ ਗਿਆ ਸੀ। ਉਪਰਲੀ ਹਦਾਇਤ ਝੱਟ ਹੇਠਲੇ ਵਰਕਰ ਤੱਕ ਪੁੱਜਦੀ ਹੋ ਜਾਂਦੀ। ਇਨ੍ਹਾਂ ਕੰਮਾਂ ਲਈ ਉੱਤਮ ਸਿੰਘ ਦਿਨ ਰਾਤ ਤਤਪਰ ਰਹਿੰਦੇ ਸਨ।

ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਢੁੱਡੀਕੇ ਕਈ ਵਾਰ ਅੰਮ੍ਰਿਤਸਰ ਜਾ ਆਏ ਸਨ। ਪਾਰਟੀ ਨੇ ਸ਼ਹਿਰ ਵਿਚ ਤਿੰਨ ਮਕਾਨ ਕਿਰਾਏ ਉਤੇ ਲੈ ਰੱਖੇ ਸਨ। ਇਸ ਤੋਂ ਬਿਨਾਂ ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵੀ ਗ਼ਦਰੀਆਂ ਦੀ ਪੱਕੀ ਠਾਹਰ ਸੀ। ਏਥੇ ਗ਼ਦਰੀਆਂ ਨੂੰ ਰੋਟੀ ਪਾਣੀ ਵੀ ਮਿਲ ਜਾਂਦਾ। ਸੰਤ ਗੁਲਾਬ ਸਿੰਘ ਗ਼ਦਰੀਆਂ ਦੀ ਬਹੁਤ ਕਦਰ ਕਰਦਾ ਸੀ। ਇਹ ਦੋਵੇਂ ਸਾਥੀ ਅੰਮ੍ਰਿਤਸਰ ਪਹੁੰਚੇ ਹੋਏ ਸਨ। ਉਥੇ ਹੀ ਉੱਤਮ ਸਿੰਘ ਤੇ ਈਸ਼ਰ ਸਿੰਘ ਨੂੰ ਪਤਾ ਲੱਗਾ ਕਿ ਵਿਸ਼ਨੂੰ ਗਣੇਸ਼ ਪਿੰਗਲੇ ਬਨਾਰਸ ਤੋਂ ਬੰਗਾਲ ਦੇ ਉੱਘੇ ਇਨਕਲਾਬੀ ਰਾਸ ਬਿਹਾਰੀ ਬੋਸ ਨੂੰ ਲੈ ਕੇ ਅੰਮ੍ਰਿਤਸਰ ਪਹੁੰਚ ਗਏ ਹਨ। ਦੋਵੇਂ ਸਾਥੀ ਬਹੁਤ ਖੁਸ਼ ਹੋਏ।

# ਪਾਰਟੀ ਦੀ ਨਵੀਂ ਸਰਗਰਮੀ

15-16 ਦਿਨ ਅੰਮ੍ਰਿਤਸਰ ਵਿਚ ਰਹਿ ਕੇ ਰਾਸ ਬਿਹਾਰੀ ਬੋਸ ਨੇ ਪਾਰਟੀ ਦੇ ਵੱਡੇ ਆਗੂਆਂ ਨਾਲ ਸਲਾਹ ਕਰਕੇ ਲਾਹੌਰ ਨੂੰ ਆਪਣਾ ਕੇਂਦਰ ਬਣਾ ਲਿਆ। ਰਾਸ ਬਿਹਾਰੀ ਬੋਸ ਲਈ ਗਵਾਲਾ ਮੰਡੀ ਵਿਚ ਇੱਕ ਮਕਾਨ ਕਿਰਾਏ ਉੱਤੇ ਲੈ ਲਿਆ। ਇਸ ਤੋਂ ਬਿਨਾਂ ਮੋਚੀ ਦਰਵਾਜ਼ੇ ਦੇ ਕੋਲ ਇਕ ਮਕਾਨ, ਇਕ ਮਕਾਨ ਵੱਛੋਵਾਲੀ ਵਿਚ ਤੇ ਤੀਜਾ ਮਕਾਨ ਗੁਮਟੀ ਬਜ਼ਾਰ ਵਿਚ ਲਿਆ ਗਿਆ। ਲਾਹੌਰ ਵਿਚ ਗ਼ਦਰੀ ਸਾਹਿਤ ਛਾਪਣਾ ਸੌਖਾ ਸੀ। ਮੋਚੀ ਦਰਵਾਜ਼ੇ ਵਾਲੇ ਮਕਾਨ ਵਿਚ ਆਮ ਗ਼ਦਰੀ ਇਕੱਠੇ ਹੁੰਦੇ ਸਨ ਪਰ ਰਾਸ ਬਿਹਾਰੀ ਬੋਸ ਵਾਲੇ ਮਕਾਨ ਦਾ ਪਾਰਟੀ ਦੇ ਥੋੜ੍ਹੇ ਨੇਤਾਵਾਂ ਨੂੰ ਹੀ ਪਤਾ ਸੀ। ਵੱਛੋਵਾਲੀ ਤੇ ਗੁਮਟੀ ਬਜ਼ਾਰ ਵਾਲੇ ਮਕਾਨਾਂ ਵਿਚ ਗ਼ਦਰੀ ਸਾਹਿਤ ਛਾਪਣ ਦਾ ਕੰਮ ਕੀਤਾ ਜਾਂਦਾ। ਲਾਹੌਰ ਪਾਰਟੀ ਦਾ ਕੇਂਦਰ ਬਣਨ ਨਾਲ ਪਾਰਟੀ ਦੀਆਂ ਸਰਗਰਮੀਆਂ ਵਿਚ ਤੇਜ਼ੀ ਆ ਗਈ। ਸਾਹਿਤ ਧੜਾਧੜ ਛਪਣ ਲੱਗਾ। ਗ਼ਦਰੀ ਆਗੂ ਅੱਗੋਂ ਇਹ ਸਾਹਿਤ ਲੋਕਾਂ ਵਿਚ ਵੰਡਦੇ ਤੇ ਪ੍ਰਚਾਰ ਵੀ ਕਰਦੇ। ਪਾਰਟੀ ਨੇ ਗ਼ਦਰ-ਸੰਦੇਸ਼ਾ, ਐਲਾਨੇ-ਜੰਗ, ਤਿਲਕ, ਨਾਦਰ ਮੌਕਾ, ਰਕਾਬ ਗੰਜ, ਕੈਨੇਡਾ ਦਾ ਦੁੱਖੜਾ, ਨੌਜਵਾਨੋ ਉਠੋ ਤੇ ਸੱਚੀ ਪੁਕਾਰ ਆਦਿ ਕਿਤਾਬਚੇ ਛਾਪੇ। ਉੱਤਮ ਸਿੰਘ ਨੇ ਲੁਧਿਆਣਾ ਜ਼ਿਲ੍ਹੇ ਦੇ ਪਾਰਟੀ ਮੁਖੀ ਹੋਣ ਦੇ ਨਾਤੇ ਇਹ ਕਿਤਾਬਚੇ ਆਮ ਵਰਕਰਾਂ ਤੇ ਆਮ ਲੋਕਾਂ ਵਿਚ ਪਹੁੰਚਾਉਣ ਲਈ ਮੋਹਰੀ ਰੋਲ ਅਦਾ ਕੀਤਾ।

ਪਾਰਟੀ ਨੇ ਸਾਹਨੇਵਾਲ ਤੋਂ ਪਿੱਛੋਂ ਚਾਰ ਹੋਰ ਡਾਕੇ ਮਾਰੇ ਸਨ। ਬੇਸ਼ਕ ਪਾਰਟੀ ਇਸ ਨੂੰ ਚੰਗਾ ਫੈਸਲਾ ਨਹੀਂ ਸੀ ਸਮਝਦੀ ਪਰ ਰੁਪਏ ਦੀ ਕਮੀ ਕਾਰਨ ਪਾਰਟੀ ਨੂੰ ਇਹ ਕੰਮ ਕਰਨਾ ਪਿਆ। ਗ਼ਦਰੀ ਸਾਹਿਤ ਛਾਪਣਾ, ਬੰਬ ਬਣਾਉਣ ਲਈ ਮਸਾਲੇ ਦੀ ਖਰੀਦ ਕਰਨੀ, ਪਾਰਟੀ ਵੱਲੋਂ ਕਿਰਾਏ ਉਤੇ ਲਏ ਗਏ ਮਕਾਨਾਂ ਦਾ ਕਿਰਾਇਆ ਦੇਣਾ ਤੇ ਪਾਰਟੀ ਆਗੂਆਂ ਦੇ ਆਉਣ ਜਾਣ ਦੇ ਖਰਚਿਆਂ ਦਾ ਵੱਡਾ ਮਸਲਾ ਬਣ ਗਿਆ ਸੀ। ਉੱਤਮ ਸਿੰਘ ਨੂੰ ਕੇਂਦਰੀ ਕਮੇਟੀ ਵੱਲੋਂ ਜੋ ਵੀ ਹੁਕਮ ਮਿਲਦਾ ਸੀ ਉਹ ਤਾਂ ਉਸ ਉੱਤੇ ਫੁੱਲ ਚੜ੍ਹਾਉਂਦਾ ਸੀ। ਇਸ ਕਰਕੇ ਕਈ ਡਾਕਿਆਂ ਵਿਚ ਉੱਤਮ ਸਿੰਘ ਹਾਂਸ ਸ਼ਾਮਲ ਵੀ ਹੋਇਆ ਸੀ ਪਰ ਉਸਨੂੰ ਇਹ ਵਿਸ਼ਵਾਸ ਸੀ ਕਿ ਲੋਕਾਂ ਦਾ ਇਕ ਇਕ ਪੈਸਾ ਦੇਸ਼ ਦੀ ਅਜ਼ਾਦੀ ਲਈ ਪੁੱਟੇ ਗਏ ਕੰਮਾਂ ਉਤੇ ਹੀ ਖਰਚ ਕੀਤਾ ਜਾਵੇਗਾ।

ਸਾਰੇ ਪੰਜਾਬ ਵਿਚ ਪਾਰਟੀ ਦੇ ਕਈ ਅੱਡੇ ਬਣ ਗਏ ਸਨ। ਮਾਝੇ ਵਿਚ ਦਦੇਹਰ,

ਝਾੜ ਸਾਹਿਬ, ਸੁਰ ਸਿੰਘ ਤੇ ਵਲਟੋਹਾ। ਮਾਲਵੇ ਵਿਚ ਢੁੱਡੀਕੇ, ਦੁਆਬੇ ਵਿਚ ਸੰਘਵਾਲ ਤੇ ਪੰਡੋਰੀ ਲੱਧਾ ਸਿੰਘ ਦੇ ਲਾਗੇ ਬਿੰਝੋ ਸਾਧ ਦਾ ਡੇਰਾ, ਲਾਹੌਰ ਵਿਚ ਭਾਈ ਪਰਮਾਨੰਦ ਦੀ ਦੁਕਾਨ ਤੇ ਮੀਆਂ ਮੀਰ ਵਿਚ ਮਦਨ ਸਿੰਘ ਗਾਗੇ ਦੀ ਦੁਕਾਨ, ਲੁਧਿਆਣੇ ਵਿਚ ਲੋਹਟਬੱਧੀ ਤੇ ਲੁਧਿਆਣਾ। ਉੱਤਮ ਸਿੰਘ ਕਦੇ ਢੁੱਡੀਕੇ, ਕਦੇ ਅੰਮ੍ਰਿਤਸਰ, ਕਦੇ ਸਾਧ ਦੇ ਡੇਰੇ, ਕਦੇ ਜਗਰਾਉਂ, ਸ਼ੇਖ ਦੌਲਤ, ਲ਼ਲਤੋਂ, ਅਕਾਲਗੜ੍ਹ, ਕੈਲੇ, ਕਮਾਲਪੁਰਾ ਤੇ ਕਦੇ ਲੋਹਟਬੱਧੀ ਚੱਕਰ ਲਾਉਂਦਾ।

ਲਾਹੌਰ ਦੇ ਕੇਂਦਰ ਬਣਨ ਨਾਲ ਪਾਰਟੀ ਨੇ ਆਮ ਲੋਕਾਂ ਤੱਕ ਹੀ ਨਹੀਂ ਸਗੋਂ ਦੇਸ਼ ਦੀਆਂ ਫੌਜੀ ਛਾਉਣੀਆਂ ਵਿਚ ਭਰਤੀ ਨੌਜਵਾਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਦੇਸ਼ ਵਿਚ ਗ਼ਦਰ ਕਰਨ ਲਈ ਤਿਆਰ ਕਰ ਲਿਆ। ਜਲੰਧਰ, ਜੈਕਬਾਬਾਦ, ਕੋਹਾਟ, ਰਾਵਲਪਿੰਡੀ, ਨੌਸ਼ਹਿਰਾ, ਪਿਸ਼ਾਵਰ, ਜਿਹਲਮ, ਹੋਤੀ ਮਤਦਾਨ, ਕਪੂਰਥਲਾ, ਮੇਰਠ, ਆਗਰਾ ਤੇ ਮੀਆਂ ਮੀਰ ਛਾਉਣੀਆਂ ਵਿਚ ਗ਼ਦਰ ਪਾਰਟੀ ਦੇ ਸਿਰਲੱਥ ਯੋਧੇ ਬਿਨਾਂ ਕਿਸੇ ਪ੍ਰਵਾਹ ਦੇ ਭਾਰਤੀ ਫੌਜੀ ਜਵਾਨਾਂ ਨੂੰ ਮਿਲੇ। ਭਾਰਤੀ ਨੌਜਵਾਨਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਨਾਲ ਗ਼ਦਰੀਆਂ ਦਾ ਉਤਸ਼ਾਹ ਵਧਦਾ ਗਿਆ। ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨੂੰ ਲੈ ਕੇ ਦਿਨ ਰਾਤ ਛਾਉਣੀਆਂ ਵਿਚ ਘੁੰਮਦਾ ਰਿਹਾ। ਫਿਰੋਜ਼ਪੁਰ ਛਾਉਣੀ ਵਿਚ ਤਾਂ ਉਹ ਕਈ ਚੱਕਰ ਮਾਰ ਗਿਆ ਸੀ।

12 ਫਰਵਰੀ 1915 ਨੂੰ ਲਾਹੌਰ ਵਿਚ ਪਾਰਟੀ ਨੇਤਾਵਾਂ ਦੀ ਇਕ ਵੱਡੀ ਗੁਪਤ ਮੀਟਿੰਗ ਬੁਲਾਈ ਗਈ। ਉੱਤਮ ਸਿੰਘ ਆਪਣੇ ਸਾਥੀ ਈਸ਼ਰ ਸਿੰਘ ਦੇ ਨਾਲ ਲਾਹੌਰ ਪਹੁੰਚ ਗਿਆ। ਇਹ ਬੜੀ ਵਿਸ਼ੇਸ਼ ਮੀਟਿੰਗ ਸੀ। ਮਾਝਾ, ਦੁਆਬਾ ਤੇ ਮਾਲਵਾ ਖੇਤਰ ਤੋਂ ਪਾਰਟੀ ਦੇ ਸਭ ਆਗੂ ਪਹੁੰਚ ਗਏ ਸਨ। ਆਮ ਲੋਕਾਂ ਦੇ ਵਿਚਾਰ ਵੀ ਪੇਸ਼ ਹੋਏ। ਫੌਜੀ ਛਾਉਣੀਆਂ ਵਿਚ ਗ਼ਦਰ ਦੀ ਤਿਆਰੀ ਲਈ ਕੀਤੀਆਂ ਕੋਸ਼ਿਸ਼ਾਂ ਨੂੰ ਵਿਚਾਰਿਆ ਗਿਆ। ਹਥਿਆਰਾਂ ਬਾਰੇ ਚਰਚਾ ਕੀਤੀ ਗਈ। ਲੰਮੀ ਸੋਚ ਵਿਚਾਰ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ 21 ਫਰਵਰੀ 1915 ਨੂੰ ਸਾਰੇ ਦੇਸ਼ ਵਿਚ ਗ਼ਦਰ ਮਚਾ ਦਿੱਤਾ ਜਾਵੇ। ਇਹ ਹਥਿਆਰਬੰਦ ਜੰਗ ਹੋਵੇਗੀ। ਸਭ ਫੌਜੀ ਛਾਉਣੀਆਂ ਉਤੇ ਹਮਲਾ ਕਰਕੇ ਹਥਿਆਰ ਖੋਹ ਲਏ ਜਾਣ। ਭਾਰਤੀ ਜਵਾਨ ਸਾਥ ਦੇਣਗੇ। ਇਸ ਦਿਨ ਹਿੰਦੋਸਤਾਨ ਦੀ ਤਕਦੀਰ ਬਦਲ ਜਾਏਗੀ। ਅੰਗਰੇਜ਼ਾਂ ਨੂੰ ਏਥੋਂ ਕੱਢ ਦਿੱਤਾ ਜਾਵੇਗਾ। ਹਿੰਦੋਸਤਾਨ ਅਜ਼ਾਦ ਹੋਵੇਗਾ। ਕਰਤਾਰ ਸਿੰਘ ਸਰਾਭੇ ਨੇ ਗ਼ਦਰ ਪਾਰਟੀ ਦਾ ਤਿੰਨ ਰੰਗਾ ਝੰਡਾ ਤਜਵੀਜ਼ ਕਰ ਲਿਆ ਸੀ।

ਪਾਰਟੀ ਦੇ ਝੰਡੇ ਬਣਾਉਣ ਲਈ ਗੁਲਾਬ ਕੌਰ ਦੀ ਡਿਊਟੀ ਲਾਈ ਗਈ। ਗੁਲਾਬ ਕੌਰ ਇਸ ਵੇਲੇ ਲਾਹੌਰ ਵਿਚ ਇਕ ਕਿਰਾਏ ਦੇ ਮਕਾਨ ਵਿਚ ਰਹਿ ਰਹੀ ਸੀ। ਗੁਲਾਬ ਕੌਰ ਨੇ ਕਰਤਾਰ ਸਿੰਘ ਦੇ ਕਹਿਣ 'ਤੇ ਇਕ ਸੌ ਝੰਡਾ ਤਿਆਰ ਕੀਤਾ। ਇਹ ਝੰਡੇ ਅੱਗੇ ਪਾਰਟੀ ਨੇਤਾਵਾਂ ਨੇ ਵੰਡਣੇ ਸਨ ਤੇ ਨਾਲ ਹੀ 21 ਫਰਵਰੀ ਨੂੰ ਗ਼ਦਰ ਕਰਨ ਲਈ ਪਾਰਟੀ ਵਰਕਰਾਂ ਨੂੰ ਤਿਆਰ ਕਰਨਾ ਸੀ। ਉਧਰ ਅੰਮ੍ਰਿਤਸਰ ਦੇ ਡੀ.ਐਸ.ਪੀ.

ਲਿਆਕਤ ਹਯਾਤ ਖਾਂ ਨੇ ਮਾਦੋ ਕੇ ਬਰਾੜ ਦੇ ਜ਼ੈਲਦਾਰ ਬੇਲਾ ਸਿੰਘ ਰਾਹੀਂ ਉਸੇ ਪਿੰਡ ਦੇ ਪੁਲੀਸ ਟਾਊਟ ਕਿਰਪਾਲ ਸਿੰਘ ਨੂੰ ਗ਼ਦਰ ਪਾਰਟੀ ਵਿਚ ਜਸੂਸੀ ਕਰਨ ਲਈ ਬਤੌਰ ਜਸੂਸ ਸਰਕਾਰੀ ਨੌਕਰੀ ਰੱਖ ਲਿਆ। ਕਿਰਪਾਲ ਸਿੰਘ ਆਪਣੇ ਭਰਾ ਬਲਵੰਤ ਸਿੰਘ ਰਾਹੀਂ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਸਭ ਤੋਂ ਪਹਿਲਾਂ ਕਰਤਾਰ ਸਿੰਘ ਸਰਾਭੇ ਨੂੰ ਕਿਰਪਾਲ ਸਿੰਘ ਉੱਤੇ ਸ਼ੱਕ ਹੋਇਆ ਸੀ। ਉਸ ਨੇ ਪਾਰਟੀ ਲੀਡਰਾਂ ਨੂੰ ਸੁਚੇਤ ਵੀ ਕੀਤਾ ਸੀ ਪਰ ਕਿਰਪਾਲ ਸਿੰਘ ਗ਼ਦਰ ਪਾਰਟੀ ਵਿਚ ਘੁਸਪੈਠ ਕਰ ਗਿਆ ਤੇ ਉਸ ਨੇ 21 ਫਰਵਰੀ ਦੀ ਸੂਚਨਾ ਪੁਲੀਸ ਨੂੰ ਦੇ ਦਿੱਤੀ। ਗ਼ਦਰੀ ਲੀਡਰਾਂ ਨੂੰ ਕਿਰਪਾਲ ਸਿੰਘ ਉੱਤੇ ਸ਼ੱਕ ਹੋ ਗਿਆ। ਪਾਰਟੀ ਨੇ ਤਾਰੀਕ ਬਦਲ ਕੇ 19 ਫਰਵਰੀ ਕਰ ਦਿੱਤੀ।

19 ਫਰਵਰੀ ਦੀ ਤਾਰੀਕ ਮਿਥਣ ਨਾਲ ਪਾਰਟੀ ਨੇਤਾਵਾਂ ਨੇ ਇਸ ਦੀ ਸੂਚਨਾ ਸਭ ਵਰਕਰਾਂ ਤੱਕ ਪਹੁੰਚਾਉਣ ਲਈ ਵੱਖ-ਵੱਖ ਥਾਵਾਂ ਉਤੇ ਡਿਊਟੀਆਂ ਸੰਭਾਲ ਲਈਆਂ। ਕੇਂਦਰੀ ਕਮੇਟੀ ਦੇ ਵੱਡੇ ਆਗੂ ਦੇਸ਼ ਦੀਆਂ ਫੌਜੀ ਛਾਉਣੀਆਂ ਵੱਲ ਕੂਚ ਕਰ ਗਏ। ਇਧਰ ਉੱਤਮ ਸਿੰਘ ਹੋਰਾਂ ਨੇ ਆਪੋ ਆਪਣੇ ਜ਼ਿਲ੍ਹਿਆਂ ਵਿਚ ਬਤੌਰ ਜ਼ਿਲ੍ਹਾ ਮੁਖੀ ਵਜੋਂ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਬਦਕਿਸਮਤੀ ਨਾਲ 19 ਫਰਵਰੀ ਦੀ ਤਰੀਕ ਦਾ ਵੀ ਕਿਰਪਾਲ ਸਿੰਘ ਨੂੰ ਪਤਾ ਲੱਗ ਗਿਆ। ਪੁਲੀਸ ਨੇ ਕਿਰਪਾਲ ਸਿੰਘ ਵੱਲੋਂ ਮੱਦਦ ਕਰਨ ਨਾਲ ਮੋਚੀ ਦਰਵਾਜ਼ੇ ਦੇ ਬਾਹਰ ਇਕ ਚਿੱਟ ਕੱਪੜੀਏ ਸਿਪਾਹੀ ਨੂੰ ਪੱਕੀ ਡਿਊਟੀ ਸੰਭਾਲ ਦਿੱਤੀ। ਉਸ ਸਿਪਾਹੀ ਨੇ ਕਿਰਪਾਲ ਸਿੰਘ ਤੋਂ ਮਿਲੀ ਸੂਚਨਾ ਅੱਗੇ ਪੁਲੀਸ ਨੂੰ ਦੇਣੀ ਸੀ। ਗ਼ਦਰੀਆਂ ਨੂੰ ਹੁਣ ਕਿਰਪਾਲ ਸਿੰਘ ਦੇ ਮਨਸੂਬੇ ਦਾ ਪਤਾ ਨਾ ਲੱਗਾ। ਸਭ ਗ਼ਦਰੀ 19 ਫਰਵਰੀ ਦਾ ਸੁਨੇਹਾ ਦੇਣ ਲਈ ਵੱਖ-ਵੱਖ ਥਾਵਾਂ ਉੱਤੇ ਸਰਗਰਮ ਹੋ ਗਏ। ਉੱਤਮ ਸਿੰਘ ਨੇ ਆਪਣੇ ਜ਼ਿਲ੍ਹਾ ਲੁਧਿਆਣਾ ਵਿਚ ਕੰਮ ਸੰਭਾਲ ਲਿਆ। ਪਿੰਡ ਸਰਾਭਾ ਦੇ ਨੇੜੇ ਗੁਜਰਵਾਲ ਵਿਚ ਭਾਈ ਰਣਧੀਰ ਸਿੰਘ ਨਾਰੰਗਵਾਲ ਨੇ ਸ੍ਰੀ ਅਖੰਡ ਪਾਠ ਜੀ ਦੇ 14 ਫਰਵਰੀ ਨੂੰ ਭੋਗ ਪਾਏ ਜਾਣੇ ਸਨ। ਭੋਗ ਉਪਰੰਤ ਭਾਈ ਸਾਹਿਬ ਜੀ ਨੇ ਧਾਰਮਿਕ ਦੀਵਾਨ ਸਜਾਉਣਾ ਸੀ। ਉੱਤਮ ਸਿੰਘ ਹੋਰਾਂ ਨੇ ਮਾਲਵੇ ਦੇ ਗ਼ਦਰੀਆਂ ਨੂੰ ਗੁੱਜਰਵਾਲ ਪਹੁੰਚਣ ਦਾ ਸੱਦਾ ਦੇ ਦਿੱਤਾ। ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਆਪਣੇ ਧਾਰਮਿਕ ਸਮਾਗਮਾਂ ਸਮੇਂ ਅੰਗਰੇਜ਼ਾਂ ਦੇ ਵਿਰੁੱਧ ਧੂੰਆਂਧਾਰ ਪ੍ਰਚਾਰ ਕਰਦੇ ਸਨ। ਉੱਤਮ ਸਿੰਘ ਹੋਰਾਂ ਨੇ ਇਹ ਚੰਗਾ ਮੌਕਾ ਸਮਝਿਆ ਜਿਥੇ ਆਮ ਲੋਕਾਂ ਤੇ ਗ਼ਦਰੀਆਂ ਦੇ ਵੱਡੇ ਇਕੱਠ ਹੋਣ ਦੀ ਸੰਭਾਵਨਾ ਬਣ ਗਈ ਸੀ।

# ਪਿੰਡ ਗੁੱਜਰਵਾਲ ਦਾ ਧਾਰਮਿਕ ਸਮਾਗਮ

ਉੱਤਮ ਸਿੰਘ ਹਾਂਸ ਤੇ ਉਸ ਦੇ ਹੋਰ ਸਾਥੀ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨ ਲਈ ਤੇ 14 ਫਰਵਰੀ ਨੂੰ ਗੁੱਜਰਵਾਲ ਧਾਰਮਿਕ ਸਮਾਗਮ ਉਤੇ ਪਹੁੰਚਣ ਲਈ ਪਿੰਡਾਂ ਵਿਚ ਦਿਨ ਰਾਤ ਘੁੰਮਦੇ ਰਹੇ। ਇਸ ਦੇ ਨਾਲ ਉਨ੍ਹਾਂ ਦੇ ਲੋਕਾਂ ਵਿਚ 'ਗ਼ਦਰ-ਸੰਦੇਸ਼ਾ' ਤੇ ਐਲਾਨੇ-ਜੰਗ ਕਿਤਾਬਚੇ ਵੰਡਦੇ ਰਹੇ। 'ਗ਼ਦਰ-ਸੰਦੇਸ਼ਾ' ਅੰਗਰੇਜ਼ਾਂ ਵੱਲੋਂ ਹਿੰਦੋਸਤਾਨ ਵਿਚ ਕੀਤੀ ਜਾ ਰਹੀ ਲੁੱਟ ਬਾਰੇ ਦੱਸਦਾ ਸੀ, ਉਥੇ ਐਲਾਨੇ-ਜੰਗ ਅੰਗਰੇਜ਼ਾਂ ਵਿਰੁੱਧ ਜੰਗ ਦਾ ਐਲਾਨ ਕਰਦਾ ਸੀ।

ਗੁੱਜਰਵਾਲ ਪਿੰਡ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉੱਤੇ ਮਾਲਵੇ ਦੇ ਲੀਡਰ ਤੇ ਵਰਕਰ ਵੱਡੀ ਗਿਣਤੀ ਵਿਚ ਇਕੱਠੇ ਹੋਏ। ਦੀਵਾਨ ਵਿਚ ਲੋਕਾਂ ਨੂੰ ਗ਼ਦਰ ਪਾਰਟੀ ਦੀ ਸਹਾਇਤਾ ਕਰਨ ਲਈ ਕਿਹਾ ਗਿਆ। ਭੋਗ ਉਪਰੰਤ ਗਾਂਧਾ ਸਿੰਘ ਕੱਚਰਭੰਨ, ਈਸ਼ਰ ਸਿੰਘ ਢੁੱਡੀਕੇ, ਪਾਲਾ ਸਿੰਘ ਢੁੱਡੀਕੇ, ਪਾਖਰ ਸਿੰਘ ਢੁੱਡੀਕੇ, ਇੰਦਰ ਸਿੰਘ ਪੱਧਰੀ, ਮਸਤਾਨ ਸਿੰਘ, ਲਾਭ ਸਿੰਘ ਨਾਰੰਗਵਾਲ, ਸੰਤ ਸਿੰਘ ਨੰਦਪੁਰ ਕਲੌੜ, ਅਤਰ ਸਿੰਘ ਸਕੀਮਪੁਰ, ਹਰਨਾਮ ਸਿੰਘ ਕਾਮਾਗਾਟਾਮਾਰੂ, ਜਗਤ ਸਿੰਘ ਗੁੱਜਰਵਾਲ, ਕਰਮ ਸਿੰਘ ਕੋਟਲਾ ਅਜਨੇਰ, ਨੰਦ ਸਿੰਘ ਕੈਲੇ, ਬੂਟਾ ਸਿੰਘ ਅਕਾਲਗੜ੍ਹ, ਅਰਜਣ ਸਿੰਘ ਕਾਉਂਕੇ ਤੇ ਹੋਰ ਵੀ ਬਹੁਤ ਗ਼ਦਰੀ ਸ਼ਾਮਲ ਹੋਏ। ਉੱਤਮ ਸਿੰਘ ਹਾਂਸ ਭਾਰੀ ਇਕੱਠ ਵੇਖ ਕੇ ਬਾਗੋ ਬਾਗ ਸੀ। ਸਭ ਨੇਤਾਵਾਂ ਦੀ ਅੱਡੋ ਅੱਡ ਡਿਊਟੀ ਲਾਈ ਗਈ ਕਿ ਉਹ ਸਭ ਵਰਕਰਾਂ ਨੂੰ ਤਿਆਰ ਕਰਕੇ 19 ਫਰਵਰੀ ਨੂੰ ਫਿਰੋਜ਼ਪੁਰ ਛਾਉਣੀ ਉਤੇ ਹਮਲਾ ਕਰਨ ਲਈ ਪਹੁੰਚ ਜਾਣ। ਇਹ ਵੀ ਹਦਾਇਤ ਸੀ ਕਿ ਵੱਧ ਤੋਂ ਵੱਧ ਹਥਿਆਰ ਇਕੱਠੇ ਕੀਤੇ ਜਾਣ।

ਗੁੱਜਰਵਾਲ ਪਿੰਡ ਵਿਚ ਢੁੱਡੀਕੇ ਤੋਂ ਬਹੁਤ ਗ਼ਦਰੀ ਪਹੁੰਚੇ ਸਨ। ਢੁੱਡੀਕੇ ਪਿੰਡ ਉਂਜ ਵੀ ਗ਼ਦਰੀਆਂ ਦਾ ਗੜ੍ਹ ਸੀ ਜਿਥੋਂ ਵੱਡੀ ਗਿਣਤੀ ਵਿਚ ਫਿਰੋਜ਼ਪੁਰ ਪਹੁੰਚਣ ਦੀ ਉਮੀਦ ਸੀ। ਇਸ ਪਿੱਛੋਂ 17 ਫਰਵਰੀ ਨੂੰ ਲੁਧਿਆਣਾ ਲਾਗੇ ਪਿੰਡ ਢੰਡਾਰੀ ਵਿਚ ਵੀ ਸੰਤ ਰਣਧੀਰ ਸਿੰਘ ਜੀ ਨਾਰੰਗਵਾਲ ਵੱਲੋਂ ਰਖਵਾਏ ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਏ ਗਏ। ਭਾਈ ਸਾਹਿਬ ਜੀ ਨੇ ਢੰਡਾਰੀ ਵਿਖੇ ਵੀ ਲੋਕਾਂ ਨੂੰ ਗ਼ਦਰ ਪਾਰਟੀ ਦੀ ਸਹਾਇਤਾ ਕਰਨ ਲਈ ਕਿਹਾ ਗਿਆ। ਭੋਗ ਉਪਰੰਤ ਭਾਈ ਖੜਕ ਸਿੰਘ ਬੋਪਾਰਾਏ, ਗੁਰਮੁਖ ਸਿੰਘ ਲਲਤੋਂ ਤੇ ਸੱਜਣ ਸਿੰਘ ਨਾਰੰਗਵਾਲ ਲਹੌਰ ਨੂੰ ਚਲੇ ਗਏ। ਉੱਤਮ ਸਿੰਘ

ਹਾਂਸ ਤੇ ਉਸ ਦੇ ਸਾਥੀ ਲੁਧਿਆਣੇ ਦੇ ਆਸੇ ਪਾਸੇ ਪਿੰਡਾਂ ਵਿਚ ਫਿਰੋਜ਼ਪੁਰ ਛਾਉਣੀ ਉਤੇ ਹਮਲੇ ਦੀ ਤਿਆਰੀ ਵਿਚ ਜੁਟ ਗਏ। ਉਹ ਹਰ ਰੋਜ਼ ਕਈ-ਕਈ ਮੀਲ ਪੈਦਲ ਤੁਰਦੇ। ਵੱਡੇ ਤੜਕੇ ਉਠਦੇ ਤੇ ਵੱਡੀ ਰਾਤ ਗਈ ਥੋੜ੍ਹਾ ਚਿਰ ਅਰਾਮ ਕਰਦੇ। ਉਨ੍ਹਾਂ ਨੂੰ ਬੱਸ 19 ਫਰਵਰੀ ਹੀ ਯਾਦ ਸੀ, ਜਿਸ ਦਿਨ ਉਹ ਹਿੰਦੋਸਤਾਨ ਦੀ ਤਕਦੀਰ ਬਦਲਣ ਲਈ ਹਰ ਕੁਰਬਾਨੀ ਦੇਣ ਲਈ ਪੂਰੀ ਤਰ੍ਹਾਂ ਤਿਆਰ ਸਨ।

# ਫਿਰੋਜ਼ਪੁਰ ਛਾਉਣੀ ਉਤੇ ਹਮਲੇ ਦੀ ਤਿਆਰੀ

19 ਫਰਵਰੀ 1915 ਦਾ ਇਤਿਹਾਸਕ ਦਿਨ। ਗ਼ਦਰੀਆਂ ਵਾਸਤੇ ਆਰ ਪਾਰ ਦੀ ਲੜਾਈ ਦਾ ਦਿਨ। ਹਿੰਦੋਸਤਾਨ ਦੀ ਤਕਦੀਰ ਬਦਲਣ ਦਾ ਨਿਰਣਾਇਕ ਦਿਨ। ਦੇਸ਼ ਵਿਚੋਂ ਅੰਗਰੇਜ਼ੀ ਰਾਜ ਦਾ ਖਾਤਮਾ ਕਰਕੇ ਆਪਣੇ ਲੋਕਾਂ ਦੀ ਸਰਕਾਰ ਬਣਾਉਣ ਦਾ ਦਿਨ। ਸਾਰੇ ਦੇਸ਼ ਵਿਚ ਗ਼ਦਰ ਪਾਰਟੀ ਦਾ ਝੰਡਾ ਝੁਲਾਉਣ ਦਾ ਦਿਨ। ਗ਼ਦਰੀਆਂ ਨੂੰ ਚਾਅ ਚੜ੍ਹਿਆ ਹੋਇਆ ਸੀ। ਉਹ ਦੇਸ਼ ਦੀ ਅਜ਼ਾਦੀ ਲਈ ਮਰ ਮਿਟਣ ਲਈ ਤਿਆਰ ਸਨ। ਗ਼ਦਰੀਆਂ ਨੂੰ 19 ਫਰਵਰੀ  ਦਾ ਸੂਰਜ ਮਸਾਂ ਚੜ੍ਹਿਆ।

ਲੁਧਿਆਣਾ ਜ਼ਿਲ੍ਹੇ ਵਿਚ ਉੱਤਮ ਸਿੰਘ ਨੇ ਆਪਣੇ ਸਾਥੀਆਂ ਨੂੰ ਲੈ ਕੇ ਫਿਰੋਜ਼ਪੁਰ ਛਾਉਣੀ ਜਾਣ ਲਈ ਪੂਰੀ ਤਿਆਰੀ ਕਰ ਲਈ ਸੀ। ਵੱਡੀ ਗੱਲ ਤਾਂ ਇਹ ਸੀ ਕਿ ਗ਼ਦਰੀਆਂ ਕੋਲ ਕੋਈ ਮਾਰੂ ਹਥਿਆਰ ਵੀ ਨਹੀਂ ਸਨ। ਕਈਆਂ ਕੋਲ ਸਿਰਫ਼ ਪਸਤੌਲ ਸਨ। ਕਈ ਖਾਲੀ ਹੱਥ ਪਰ ਉਨ੍ਹਾਂ ਦਾ ਹੌਂਸਲਾ ਬੇਮਿਸਾਲ ਸੀ। ਇਨ੍ਹਾਂ ਦੇ ਨਾਲ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਦੇ ਵੱਡੇ ਜਥੇ ਨੇ ਵੀ ਜਾਣਾ ਸੀ। ਭਾਈ ਸਾਹਿਬ ਜੀ ਦੇ ਜੱਥੇ ਨੇ ਮੁੱਲਾਂਪੁਰ ਰੇਲਵੇ ਸਟੇਸ਼ਨ ਤੋਂ ਗੱਡੀ ਫੜਨੀ ਸੀ। ਉੱਤਮ ਸਿੰਘ ਹਾਂਸ ਨੇ ਗੱਡੀ ਜਗਰਾਵਾਂ ਤੋਂ ਫੜਨੀ ਸੀ। ਉੱਤਮ ਸਿੰਘ ਦੇ ਨਾਲ ਅਰਜਣ ਸਿੰਘ, ਪਾਲਾ ਸਿੰਘ, ਪਾਖਰ ਸਿੰਘ, ਰੂੜ ਸਿੰਘ, ਸ਼ਾਮ ਸਿੰਘ ਤੇ ਹੋਰ ਕਈ ਗ਼ਦਰੀ ਸਾਥੀਆਂ ਨੇ ਅਜੀਤਵਾਲ ਤੋਂ ਗੱਡੀ ਫੜ ਲਈ।

ਗੱਡੀ ਫਿਰੋਜ਼ਪੁਰ ਛਾਉਣੀ ਪਹੁੰਚ ਗਈ। ਸਾਰੇ ਗ਼ਦਰੀ ਬੜੇ ਉਤਸ਼ਾਹ ਵਿਚ ਸਨ। ਭਾਈ ਰਣਧੀਰ ਸਿੰਘ ਜੀ ਦੇ ਜੱਥੇ ਦੇ ਕੋਈ 60 ਮੈਂਬਰ ਪਹੁੰਚੇ ਸਨ ਜਿਨ੍ਹਾਂ ਕੋਲ ਹਰਮੋਨੀਅਤ, ਢੋਲਕੀਆਂ ਤੇ ਛੈਣੇ ਸਨ। ਏਥੇ ਕਰਤਾਰ ਸਿੰਘ ਸਰਾਭਾ ਪਹਿਲਾਂ ਹੀ ਪਹੁੰਚ ਗਿਆ ਸੀ। ਜਵੰਧ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਨੰਦ ਸਿੰਘ ਕੈਲੇ, ਗੁਰਮੁਖ ਸਿੰਘ ਲਲਤੋਂ ਹਰਨਾਮ ਸਿੰਘ ਗੁੱਜਰਵਾਲ, ਮਸਤਾਨ ਸਿੰਘ ਨਾਰੰਗਵਾਲ, ਗਾਂਧਾ ਸਿੰਘ ਕੱਚਰਭੰਨ ਤੇ ਅਰਜਣ ਸਿੰਘ ਖੁਖਰਾਣਾ ਆਦਿ ਗ਼ਦਰੀ ਸਭ ਦਾ ਉਤਸ਼ਾਹ ਵਧਾ ਰਹੇ ਸਨ।

ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਦਾ ਜੱਥਾ ਸਾਜਾਂ ਨਾਲ ਗੁਰਬਾਣੀ ਦਾ ਕੀਰਤਨ ਕਰਦਾ ਹੋਇਆ ਛਾਉਣੀ ਵੱਲ ਤੁਰ ਪਿਆ। ਭਾਈ ਸਾਹਿਬ ਜੀ ਨੇ ਦੱਸ ਦਿੱਤਾ ਸੀ ਕਿ ਅਸੀਂ ਕਿਸੇ ਵਿਆਹ ਉੱਤੇ ਕੀਰਤਨ ਕਰਨ ਜਾ ਰਹੇ ਹਾਂ। ਜੱਥਾ ਪੂਰੇ

ਉਤਸ਼ਾਹ ਵਿਚ ਸੀ।

ਛਾਉਣੀ ਰੇਲਵੇ ਸਟੇਸ਼ਨ ਉੱਤੇ ਕਰਤਾਰ ਸਿੰਘ ਨੂੰ ਕਿਰਪਾ ਸਿੰਘ ਲਾਂਸ ਨਾਇਕ ਮਿਲ ਗਿਆ। ਇਹ ਫਿਰੋਜ਼ਪੁਰ ਛਾਉਣੀ ਵਿਚ ਹੀ ਤਾਇਨਾਤ ਸੀ ਪਰ ਕੁਝ ਦਿਨ ਪਹਿਲਾਂ ਛਾਉਣੀ ਦੇ 9 ਫੌਜੀਆਂ ਨੂੰ ਸ਼ੱਕ ਦੇ ਕਾਰਨ ਫੌਜ ਵਿਚੋਂ ਕੱਢ ਦਿੱਤਾ ਸੀ। ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਬੰਤਾ ਸਿੰਘ ਸੰਘਵਾਲ ਫਿਰੋਜ਼ਪੁਰ ਛਾਉਣੀ ਵਿਚ ਕਿਰਪਾ ਸਿੰਘ ਤੇ ਹਰਨਾਮ ਸਿੰਘ ਕਾਲਾਸੰਘਾ ਨੂੰ ਮਿਲਦੇ ਰਹੇ ਸਨ। ਕਰਤਾਰ ਸਿੰਘ ਹੋਰਾਂ ਨੇ ਛਾਉਣੀ ਵਿਚ ਭਾਰਤੀ ਫੌਜੀ ਨੌਜਵਾਨਾਂ ਨੂੰ ਅੰਗਰੇਜ਼ਾਂ ਵਿਰੁੱਧ ਗ਼ਦਰ ਕਰਨ ਲਈ ਤਿਆਰ ਕਰ ਲਿਆ ਸੀ। ਭਾਰਤੀ ਨੌਜਵਾਨਾਂ ਨੇ ਹਮਲਾ ਕਰਨ ਸਮੇਂ ਛਾਉਣੀ ਦੇ ਹਥਿਆਰ ਗ਼ਦਰੀਆਂ ਨੂੰ ਸੌਂਪ ਦੇਣੇ ਸਨ। ਕਰਤਾਰ ਸਿੰਘ ਤੇ ਉਸ ਦੇ ਸਾਥੀ ਬੜੇ ਉਤਸ਼ਾਹ ਵਿਚ ਸਨ। ਕਰਤਾਰ ਸਿੰਘ ਨੇ ਕਿਰਪਾ ਸਿੰਘ ਨੂੰ ਛਾਉਣੀ ਭੇਜ ਦਿੱਤਾ ਤਾਂ ਕਿ ਉਹ ਛਾਉਣੀ ਵਿਚਲੇ ਹਾਲਾਤ ਵੇਖ ਕੇ ਉਥੋਂ ਦੀ ਸਾਰੀ ਰਿਪੋਰਟ ਲੈ ਕੇ ਆਏ। ਕਾਫੀ ਸਮਾਂ ਬੀਤ ਗਿਆ ਪਰ ਕਿਰਪਾ ਸਿੰਘ ਵਾਪਸ ਨਾ ਆਇਆ। ਕਹਿੰਦੇ ਉਡੀਕ ਦੀਆਂ ਘੜੀਆਂ ਲੰਬੀਆਂ ਹੁੰਦੀਆਂ ਹਨ। ਕਿਰਪਾ ਸਿੰਘ ਦੀ ਬੁਰੀ ਤਰ੍ਹਾਂ ਉਡੀਕ ਹੋ ਰਹੀ ਸੀ ਪਰ ਉਹ ਕਿਸੇ ਪਾਸਿਉਂ ਵਿਖਾਈ ਨਹੀਂ ਸੀ ਦੇ ਰਿਹਾ।

ਕਰਤਾਰ ਸਿੰਘ ਨੇ ਹਰਨਾਮ ਸਿੰਘ ਕਾਲਾ ਸੰਘਾ ਨੂੰ ਮਿਲਣ ਦਾ ਮਨ ਬਣਾਇਆ। ਹਰਨਾਮ ਸਿੰਘ ਕਾਲਾ ਸੰਘਾ ਦਿਲੋਂ ਗ਼ਦਰ ਪਾਰਟੀ ਨਾਲ ਜੁੜ ਚੁੱਕਾ ਸੀ ਤੇ ਉਸ ਨੇ ਫਿਰੋਜ਼ਪੁਰ ਛਾਉਣੀ ਵਿਚ ਭਾਰਤੀ ਜਵਾਨਾਂ ਨੂੰ ਗ਼ਦਰ ਲਈ ਤਿਆਰ ਕਰ ਲਿਆ ਸੀ। ਛਾਉਣੀ ਦੇ ਅਫ਼ਸਰਾਂ ਨੂੰ ਹਰਨਾਮ ਸਿੰਘ ਕਾਲਾ ਸੰਘਾ ਉੱਤੇ ਸ਼ੱਕ ਹੋ ਗਿਆ ਸੀ। ਇਸ ਕਰਕੇ ਫੌਜ ਦੇ ਅਫਸਰਾਂ ਨੇ ਹਰਨਾਮ ਸਿੰਘ ਕਾਲਾ ਸੰਘਾ ਤੇ ਤੇਜਾ ਸਿੰਘ ਲੌਹਕੇ ਨੂੰ ਪੰਦਰਾਂ-ਪੰਦਰਾਂ ਦਿਨਾਂ ਦੀ ਛੁੱਟੀ ਦੇ ਕੇ ਪਿੰਡਾਂ ਨੂੰ ਤੋਰ ਦਿੱਤਾ। ਇਸ ਗੱਲ ਦੀ ਖ਼ਬਰ ਅਰਜਣ ਸਿੰਘ ਖੁਖਰਾਣਾ ਨੂੰ ਮਿਲ ਗਈ। ਜਦੋਂ ਪਾਰਟੀ ਨੇ 19 ਫਰਵਰੀ ਦਾ ਦਿਨ ਗ਼ਦਰ ਲਈ ਮਿਥ ਲਿਆ ਤਾਂ ਅਰਜਣ ਸਿੰਘ ਨੇ ਇਹ ਖ਼ਬਰ ਹਰਨਾਮ ਸਿੰਘ ਕਾਲਾ ਸੰਘਾ ਨੂੰ ਉਸ ਦੇ ਪਿੰਡ ਜਾ ਸੁਣਾਈ। ਅਗਲੇ ਹੀ ਦਿਨ ਹਰਨਾਮ ਸਿੰਘ ਕਾਲਾ ਸੰਘਾ ਤੇ ਤੇਜਾ ਸਿੰਘ ਲੌਹਕੇ ਫਿਰੋਜ਼ਪੁਰ ਛਾਉਣੀ ਵਿਚ ਲੁਕ ਕੇ ਰਹਿਣ ਲੱਗ ਪਏ। ਉਨ੍ਹਾਂ ਨੇ ਕਰਤਾਰ ਸਿੰਘ ਸਰਾਭਾ ਨਾਲ ਸੰਪਰਕ ਪੈਦਾ ਕਰ ਲਿਆ। ਕਰਤਾਰ ਸਿੰਘ ਸਰਾਭਾ ਵੀ ਉਨ੍ਹਾਂ ਨੂੰ ਫਿਰੋਜ਼ਪੁਰ ਛਾਉਣੀ ਆ ਕੇ ਮਿਲਦਾ ਰਿਹਾ ਤੇ ਅੱਗੇ ਹਰਨਾਮ ਸਿੰਘ ਕਾਲਾ ਸੰਘਾ ਤੇ ਤੇਜਾ ਸਿੰਘ ਲੌਹਕੇ ਨੇ ਫਿਰੋਜ਼ਪੁਰ ਛਾਉਣੀ ਵਿਚ ਆਪਣੇ ਸਾਥੀਆਂ ਨਾਲ ਤਾਲਮੇਲ ਬਣਾ ਲਿਆ। ਏਥੇ 26, 57 ਤੇ 58 ਪਲਟਨਾਂ ਠਹਿਰੀਆਂ ਹੋਈਆਂ ਸਨ।

ਕਰਤਾਰ ਸਿੰਘ ਹਾਲੇ ਕਿਰਪਾ ਸਿੰਘ ਨੂੰ ਉਡੀਕ ਰਿਹਾ ਸੀ ਕਿ ਉਸ ਨੂੰ ਮੰਗਲ ਸਿੰਘ ਡੋਗਰਾ ਮਿਲ ਗਿਆ। ਮੰਗਲ ਸਿੰਘ ਨੇ ਕਰਤਾਰ ਸਿੰਘ ਸਰਾਭਾ ਨੂੰ ਦੱਸ ਦਿੱਤਾ ਕਿ ਛਾਉਣੀ ਦੇ ਅਫ਼ਸਰਾਂ ਨੂੰ 19 ਫਰਵਰੀ ਦੀ ਸੂਹ ਲੱਗ ਚੁੱਕੀ ਹੈ। 9 ਭਾਰਤੀ ਜਵਾਨ ਫੌਜ ਵਿਚੋਂ ਕੱਢੇ ਜਾ ਚੁੱਕੇ ਐ। ਛਾਉਣੀ ਵਿਚ ਹੁਣ ਗੋਰੇ ਫੌਜੀਆਂ ਦਾ ਪਹਿਰਾ ਲੱਗ

ਚੁੱਕਾ ਐ। ਭਾਰਤੀ ਜਵਾਨਾਂ ਤੋਂ ਹਥਿਆਰ ਖੋਹ ਲਏ ਹਨ। ਛਾਉਣੀ ਦੇ ਹਾਲਾਤ ਬਹੁਤ ਖਰਾਬ ਐ। ਜਿੰਨੀ ਛੇਤੀ ਹੋ ਸਕਦਾ ਬੱਸ ਏਥੋਂ ਵਾਪਸ ਚਲੇ ਜਾਓ।

ਮੰਗਲ ਸਿੰਘ ਡੋਗਰਾ ਦੀ ਗੱਲ ਸੁਣ ਕੇ ਕਰਤਾਰ ਸਿੰਘ ਸਰਾਭਾ ਹੈਰਾਨ ਰਹਿ ਗਿਆ। ਉਹ ਸਮਝ ਗਿਆ ਕਿ ਸਾਨੂੰ ਦੇਸ਼ ਦੇ ਗਦਾਰ ਮਾਰ ਗਏ ਹਨ। ਬਾਜ਼ੀ ਪੁੱਠੀ ਪੈ ਗਈ। ਫਿਰ ਕਰਤਾਰ ਸਿੰਘ ਸਰਾਭੇ ਨੇ ਸਭ ਸਾਥੀਆਂ ਨੂੰ ਦੱਸ ਦਿੱਤਾ ਕਿ ਬਹੁਤ ਗੜਬੜ ਹੋ ਗਈ ਹੈ। ਸਾਰੇ ਜਣੇ ਵਾਪਸ ਮੁੜ ਜਾਉ। ਜਦੋਂ ਵੀ ਹਾਲਾਤ ਠੀਕ ਹੋਏ ਤਾਂ ਸਭ ਨੂੰ ਅਗਲੇ ਪ੍ਰੋਗਰਾਮ ਬਾਰੇ ਦੱਸ ਦਿੱਤਾ ਜਾਵੇਗਾ। ਏਨੀ ਗੱਲ ਕਹਿ ਕੇ ਕਰਤਾਰ ਸਿੰਘ ਸਰਾਭਾ ਆਪਣੇ ਦੋ ਸਾਥੀਆਂ ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਦੇ ਨਾਲ ਲਾਹੌਰ ਜਾਣ ਲਈ ਤਿਆਰ ਹੋ ਗਿਆ।

ਕਰਤਾਰ ਸਿੰਘ ਸਰਾਭਾ ਦੀਆਂ ਗੱਲਾਂ ਸੁਣ ਕੇ ਉੱਤਮ ਸਿੰਘ ਹਾਂਸ ਵੀ ਬਹੁਤ ਪ੍ਰੇਸ਼ਾਨ ਹੋ ਗਿਆ। ਛਾਉਣੀ ਉਤੇ ਹਮਲਾ ਕਰਨ ਲਈ ਕਿੰਨੀ ਤਿਆਰੀ ਕੀਤੀ ਸੀ। ਗ਼ਦਰੀਆਂ ਦੇ ਦਿਲਾਂ ਵਿਚ ਕਿੰਨਾ ਜੋਸ਼ ਸੀ। ਸਭ ਇਹੀ ਸੋਚ ਰਹੇ ਸਨ ਕਿ ਅੱਜ ਸਾਡਾ ਦੇਸ਼ ਅਜ਼ਾਦ ਹੋ ਜਾਵੇਗਾ। ਸਾਰੇ ਦੇਸ਼ ਵਿਚ ਗ਼ਦਰ ਪਾਰਟੀ ਦਾ ਝੰਡਾ ਝੁੱਲੇਗਾ। ਅੰਗਰੇਜ਼ਾਂ ਨੂੰ ਏਥੋਂ ਕੱਢ ਦਿੱਤਾ ਜਾਵੇਗਾ। ਹੁਣ ਏਥੇ ਸਾਡਾ ਰਾਜ ਹੋਵੇਗਾ ਪਰ ਹੁਣ ਅਜੀਬ ਸਥਿਤੀ ਬਣ ਗਈ। ਦੇਸ਼ ਦੇ ਗ਼ਦਾਰ ਆਪਣਾ ਕੰਮ ਕਰ ਗਏ। ਇਨਾਮਾਂ ਸਨਮਾਨਾਂ ਦੇ ਭੁੱਖੇ ਦੇਸ਼ ਦੇ ਗਦਾਰ, ਲੋਕਾਂ ਦੇ ਦੁਸ਼ਮਣ। ਇਹ ਸਾਡੇ ਲੋਕਾਂ ਦੇ ਕੁਝ ਨਹੀਂ ਲੱਗਦੇ।

ਰੇਲਵੇ ਸਟੇਸ਼ਨ ਉੱਤੇ ਬੈਠੇ ਗ਼ਦਰੀ ਜਿਵੇਂ ਪੂਰੇ ਨਿਰਾਸ਼ ਹੋ ਗਏ ਸਨ। ਫਿਰ ਉੱਤਮ ਸਿੰਘ ਹਾਂਸ ਨੇ ਆਪਣੇ ਖਾਸ ਨਜ਼ਦੀਕੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਅਖੀਰ ਇਹੋ ਰਾਇ ਬਣੀ ਕਿ ਸਾਨੂੰ ਹੌਂਸਲਾ ਨਹੀਂ ਛੱਡਣਾ ਚਾਹੀਦਾ। ਅਸੀਂ ਆਪਣੇ ਰਸਤੇ ਤੋਂ ਭੱਜਾਂਗੇ ਨਹੀਂ। ਅਸੀਂ ਦੇਸ਼ ਦੀ ਅਜ਼ਾਦੀ ਲਈ ਆਖਰੀ ਸਾਹ ਤੱਕ ਲੜਾਂਗੇ। ਅਸੀਂ ਅਜ਼ਾਦੀ ਲਈ ਹਰ ਕੁਰਬਾਨੀ ਲਈ ਤਿਆਰ ਹਾਂ। ਫਿਰ ਉੱਤਮ ਸਿੰਘ ਨੇ ਆਪਸੀ ਵਿਚਾਰ ਵਟਾਂਦਰੇ ਤੋਂ ਬਾਅਦ ਕਿਹਾ ਕਿ ਦਿਲ ਛੱਡਣ ਦੀ ਨਹੀਂ। ਦੋਰਾਹੇ ਦੀ ਨਹਿਰ ਉੱਤੇ ਫੌਜੀ ਗਾਰਦ ਦਾ ਪਹਿਰਾ ਲੱਗਦਾ ਹੈ। ਸਾਨੂੰ ਹਥਿਆਰਾਂ ਦੀ ਵੱਡੀ ਲੋੜ ਹੈ। ਇਸ ਕਰਕੇ ਅਸੀਂ 21 ਫਰਵਰੀ ਨੂੰ ਸਰਹੰਦ ਨਹਿਰ ਦੇ ਦੁਰਾਹੇ ਉਤੇ ਲੱਗੀ ਗਾਰਦ ਤੋਂ ਹਥਿਆਰ ਖੋਹ ਕੇ ਲਿਆਵਾਂਗੇ। ਇਸ ਫੈਸਲੇ ਅਨੁਸਾਰ ਜਵੰਧ ਸਿੰਘ ਨੰਗਲ, ਗਾਂਧਾ ਸਿੰਘ ਕੱਚਰਭੰਨ, ਬੰਤਾ ਸਿੰਘ ਸੰਘਵਾਲ, ਨੰਦ ਸਿੰਘ ਕੈਲੇ, ਗੁਰਮੁਖ ਸਿੰਘ ਲਲਤੋਂ, ਹਰਨਾਮ ਸਿੰਘ ਗੁੱਜਰਵਾਲ, ਅਰਜਣ ਸਿੰਘ ਜਗਰਾਉਂ, ਮਸਤਾਨ ਸਿੰਘ ਨਾਰੰਗਵਾਲ, ਸੇਵਾ ਸਿੰਘ, ਨੰਦ ਸਿੰਘ ਕੈਲੇ, ਗੁਰਮੁਖ ਸਿੰਘ ਲਲਤੋਂ, ਹਰਨਾਮ ਸਿੰਘ ਗੁੱਜਰਵਾਲ, ਅਰਜਣ ਸਿੰਘ ਜਗਰਾਉਂ, ਮਸਤਾਨ ਸਿੰਘ ਨਾਰੰਗਵਾਲ, ਸੇਵਾ ਸਿੰਘ, ਬੂਟਾ ਸਿੰਘ ਅਕਾਲਗੜ੍ਹ ਤੇ ਈਸ਼ਰ ਸਿੰਘ ਢੁੱਡੀਕੇ ਨੂੰ ਹੋਰ ਸਾਥੀ ਲੈ ਕੇ ਆਉਣ ਲਈ ਕਿਹਾ। ਉੱਤਮ ਸਿੰਘ ਦਾ ਵਿਚਾਰ ਸੀ ਕਿ੍ ਗਾਰਦ ਉਦੇ ਬੰਬ ਸੁਟਾਂਗੇ ਤੇ ਭਗਦੜ ਵਿਚ ਗਾਰਦ ਤੋਂ ਰਫਲਾਂ ਖੋਹ ਲਵਾਂਗੇ। ਸਾਰੇ ਜਣੇ ਮੁੜ ਹੌਂਸਲੇ ਵਿਚ ਹੋ ਗਏ ਤੇ ਆਪੋ ਆਪਣੇ ਪਿੰਡਾਂ ਨੂੰ ਚਾਲੇ ਪਾ ਦਿੱਤੇ।

# ਦੁਰਾਹੇ ਦੀ ਘਟਨਾ

23 ਫਰਵਰੀ 1915। ਢਲਦੀ ਸ਼ਾਮ। ਵੀਹ ਦੇ ਲਗਭਗ ਗ਼ਦਰੀ ਦੁਰਾਹੇ ਇਕੱਠੇ ਹੋ ਗਏ। ਗਾਂਧਾ ਸਿੰਘ ਕੱਚਰਭੰਨ, ਈਸ਼ਰ ਸਿੰਘ ਢੁੱਡੀਕੇ, ਅਰਜਨ ਸਿੰਘ ਜਗਰਾਉਂ, ਨੰਦ ਸਿੰਘ ਕੈਲੇ, ਬੂਟਾ ਸਿੰਘ ਅਕਾਲਗੜ੍ਹ, ਗੁਰਮੁਖ ਸਿੰਘ ਲਲਤੋਂ, ਬੰਤਾ ਸਿੰਘ ਸੰਘਵਾਲ, ਹਰਨਾਮ ਸਿੰਘ ਗੁੱਜਰਵਾਲ, ਮਸਤਾਨ ਸਿੰਘ ਨਾਰੰਗਵਾਲ, ਜਵੰਧ ਸਿੰਘ ਨੰਗਲ, ਉੱਤਮ ਸਿੰਘ ਹਾਂਸ ਤੇ ਹੋਰ ਗ਼ਦਰੀ ਸੂਰਬੀਰ ਸਾਦੇ ਲਿਬਾਸ ਵਿਚ ਦੁਕਾਨਾਂ ਤੋਂ ਘਰਾਂ ਦਾ ਸਮਾਨ ਖਰੀਦਣ ਬਹਾਨੇ ਇਧਰ ਉਧਰ ਘੁੰਮਣ ਲੱਗੇ। ਉਸ ਵੇਲੇ ਦੁਰਾਹਾ ਲੱਕੜ ਦੀ ਵੱਡੀ ਮੰਡੀ ਸੀ। ਲੋਕ ਦੂਰੋਂ-ਦੂਰੋਂ ਏਥੇ ਸ਼ਤੀਰੀਆਂ ਖਰੀਦਣ ਲਈ ਅਕਸਰ ਹੀ ਆਉਂਦੇ। ਗ਼ਦਰੀ ਸੂਰਬੀਰ ਤਾਂ ਆਪਣੇ ਹੀ ਕੰਮ ਆਏ ਸਨ। ਉਹ ਆਪਣਾ ਮਕਾਨ ਬਣਾਉਣ ਲਈ ਸ਼ਤੀਰੀਆਂ ਖਰੀਦਣ ਨਹੀਂ ਸੀ ਆਏ। ਉਨ੍ਹਾਂ ਨੂੰ ਤਾਂ ਆਪਣੇ ਮਕਾਨਾਂ ਦੀ ਕੋਈ ਫਿਕਰ ਹੀ ਨਹੀਂ ਸੀ। ਉਨ੍ਹਾਂ ਨੂੰ ਤਾਂ ਦੇਸ਼ ਦਾ ਫਿਕਰ ਸੀ। ਉਹ ਤਾਂ ਹਰ ਹੀਲੇ ਦੇਸ਼ ਨੂੰ ਅਜ਼ਾਦ ਕਰਵਾਉਣਾ ਚਾਹੁੰਦੇ ਸੀ। 19 ਫਰਵਰੀ ਨੂੰ ਗ਼ਦਰੀਆਂ ਨੇ ਸਾਰੇ ਦੇਸ਼ ਵਿਚ ਗ਼ਦਰ ਮਚਾ ਦੇਣਾ ਸੀ ਪਰ ਗਦਾਰਾਂ ਨੇ ਬਣੀ ਬਣਾਈ ਖੇਡ ਹੀ ਵਿਗਾੜ ਦਿੱਤੀ। 19 ਫਰਵਰੀ ਦੀ ਸਾਰੀ ਸੂਹ ਪੁਲੀਸ ਨੂੰ ਦੇ ਦਿੱਤੀ। ਗ਼ਦਰੀ ਕੁਝ ਨਾ ਕਰ ਸਕੇ ਪਰ ਅਜੀਬ ਹੈ ਉਨ੍ਹਾਂ ਦਾ ਹੌਂਸਲਾ। ਉਨ੍ਹਾਂ ਨੇ ਜਰਾ ਵੀ ਦਿਲ ਨਾ ਛੱਡਿਆ। ਉਨ੍ਹਾਂ ਨੇ ਆਖਰੀ ਸਾਹ ਤੱਕ ਲੜਨ ਮਰਨ ਦੀ ਠਾਣੀ ਹੋਈ ਸੀ।

ਅੱਜ ਦੀ ਰਾਤ ਗ਼ਦਰੀਆਂ ਨੇ ਇਕੱਠੇ ਹੋ ਕੇ ਦੁਰਾਹੇ ਦੀ ਨਹਿਰ ਉਤੇ ਧਾਵਾ ਕਰਨਾ ਸੀ। ਨਹਿਰ ਦੇ ਪੁਲ ਉਤੇ ਗਾਰਦ ਲੱਗੀ ਹੋਈ ਸੀ। ਗਾਰਦ ਤੋਂ ਰਾਈਫਲਾਂ ਖੋਹ ਕੇ ਲਿਜਾਣ ਦਾ ਪ੍ਰੋਗਰਾਮ ਤਹਿ ਹੋਇਆ ਸੀ। ਅਜ਼ਾਦੀ ਦੇ ਪਰਵਾਨੇ ਆ ਪਹੁੰਚੇ। ਤੁਰਦਿਆਂ ਫਿਰਦਿਆਂ ਨਹਿਰ ਦੇ ਪੁਲ ਦਾ ਆਲਾ ਦੁਆਲਾ ਵੇਖਿਆ। ਕਿਹੜੇ ਪਾਸਿਉਂ ਜਾਣਾ ਠੀਕ ਰਹੇਗਾ। ਧਾਵਾ ਬੋਲ ਕੇ ਕਿਹੜੇ ਪਾਸੇ ਨੂੰ ਭੱਜਣਾ ਹੋਵੇਗਾ ਕਿਸ ਤਰ੍ਹਾਂ ਹਮਲਾ ਕਰਨਾ ਹੈ। ਅੱਗੇ ਕਿਹੜੇ ਸਾਥੀ ਹੋਣਗੇ। ਸਾਰੀ ਵਿਉਂਤ ਤਿਆਰ ਕਰ ਲਈ। ਸਭ ਤੋਂ ਅੱਗੇ ਨੰਦ ਸਿੰਘ ਕੈਲੇ, ਬੂਟਾ ਸਿੰਘ ਅਕਾਲਗੜ੍ਹ, ਗੁਰਮੁਖ ਸਿੰਘ ਲਲਤੋਂ, ਜਵੰਧ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਈਸ਼ਰ ਸਿੰਘ ਤੇ ਉੱਤਮ ਸਿੰਘ ਸਿੰਘ ਹਾਂਸ ਹੋਣਗੇ। ਨੰਦ ਸਿੰਘ ਕੈਲੇ ਕੋਲ ਛੇ ਬੰਬ ਸਨ। ਕਈਆਂ ਕੋਲ ਪਸਤੌਲ ਤੇ ਕਈਆਂ ਕੋਲ ਤਾਂ ਕੇਵਲ ਸੋਟੇ ਹੀ ਸਨ ਪਰ ਸਾਰੇ ਹੀ ਪੂਰੇ ਹੌਸਲੇ ਵਿਚ ਸਨ। ਗੱਲ ਇਕੋ ਵਿਚਾਰਨ ਵਾਲੀ

ਸੀ ਕਿ ਨੰਦ ਸਿੰਘ ਵਾਲੇ ਬੰਬ ਬਹੁਤ ਘਾਤਕ ਨਹੀਂ ਸਨ। ਉਹ ਕੇਵਲ ਬੰਦੇ ਨੂੰ ਜ਼ਖ਼ਮੀ ਹੀ ਕਰਦੇ ਸਨ ਪਰ ਸਭ ਦਾ ਹੌਂਸਲਾ ਹੀ ਬੇਮਿਸਾਲ ਸੀ।

ਰਾਤ ਘੁੱਪ ਹਨ੍ਹੇਰੀ ਸੀ। ਠੰਢ ਵੀ ਉਤਰ ਆਈ ਸੀ। ਨਹਿਰ ਦੀ ਪਟੜੀ ਦੇ ਇਕ ਪਾਸੇ ਸਾਰੇ ਗ਼ਦਰੀ ਝੱਲ ਵਿਚ ਲੁਕੇ ਬੈਠੇ ਸਨ। ਕਿਸੇ ਨੂੰ ਵੀ ਕੋਈ ਭੈਅ ਨਹੀਂ ਸੀ। ਸੁੰਨਸਾਨ ਜਗ੍ਹਾ ਵਿਚ ਸੱਪ ਜਾਂ ਹੋਰ ਜ਼ਹਿਰੀਲੇ ਜੀਵ ਜੰਤੂ ਦਾ ਖ਼ਤਰਾ ਹੋ ਸਕਦਾ ਸੀ। ਪਰ ਗ਼ਦਰੀ ਨਿਸਚਿੰਤ ਹੋਏ ਛਹਿ ਲਾਈ ਬੈਠੇ ਸਨ। ਸਾਹਮਣੇ ਪੁਲ ਉੱਤੇ ਪਹਿਰੇਦਾਰ ਇਕੋ ਜਗ੍ਹਾ ਬੈਠੇ ਸਨ। ਕੋਈ ਪਹਿਰੇਦਾਰ ਤੁਰਦਾ ਫਿਰਦਾ ਨਹੀਂ ਸੀ। ਗ਼ਦਰੀ ਚਾਹੁੰਦੇ ਸਨ ਕਿ ਪਹਿਰੇਦਾਰ ਇਧਰ ਉਧਰ ਚੱਕਰ ਲਾਉਣ। ਇਕੱਲੇ-ਇਕੱਲੇ ਉਤੇ ਹਮਲਾ ਕਰਨਾ ਠੀਕ ਰਹੇਗਾ। ਗ਼ਦਰੀ ਕਿੰਨਾ ਹੀ ਚਿਰ ਉਸੇ ਤਰ੍ਹਾਂ ਬੈਠੇ ਸਨ। ਨੰਦ ਸਿੰਘ ਤੇ ਬੂਟਾ ਸਿੰਘ ਤਾਂ ਹਮਲਾ ਕਰਨ ਲਈ ਕਾਹਲੇ ਸਨ। ਗਾਂਧਾ ਸਿੰਘ ਕੱਚਰਭੰਨ ਵੀ ਉਤਾਵਲਾ ਸੀ ਪਰ ਉੱਤਰ ਸਿੰਘ ਹਾਂਸ ਤੇ ਬੰਤਾ ਸਿੰਘ ਸੰਘਵਾਲ ਚਾਹੁੰਦੇ ਸਨ ਕਿ ਰਾਈਫਲਾਂ ਬੇਸ਼ਕ ਨਾ ਮਿਲਣ ਪਰ ਸਾਡੇ ਕਿਸੇ ਸਾਥੀ ਦਾ ਨੁਕਸਾਨ ਨਾ ਹੋ ਜਾਵੇ। ਇਸ ਕਰਕੇ ਸਭ ਨੂੰ ਕਹਿ ਦਿੱਤਾ ਸੀ ਕਿ ਤੇਜ਼ੀ ਬਿਲਕੁਲ ਨਹੀਂ ਕਰਨੀ।

ਸਾਰੇ ਗ਼ਦਰੀ ਬਹੁਤ ਚਿਰ ਝੱਲ ਵਿਚ ਬੈਠੇ ਰਹੇ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਰਾਤ ਕਾਫ਼ੀ ਬੀਤ ਚੁੱਕੀ ਸੀ। ਆਖਰ ਸਭ ਦੀ ਇਹੋ ਸਲਾਹ ਬਣੀ ਕਿ ਬਿਨਾਂ ਸੋਚੇ ਕੋਈ ਕਦਮ ਨਹੀਂ ਚੁੱਕਣਾ ਤੇ ਫਿਰ ਸਾਰੇ ਗ਼ਦਰੀ ਉਥੋਂ ਪਿਛੇ ਹਟ ਗਏ। ਪੁਲ ਤੋਂ ਦੂਰ ਆ ਕੇ ਸਭਨਾਂ ਨੇ ਕਾਫੀ ਵਿਚਾਰ ਵਟਾਂਦਰੇ ਤੋਂ ਬਾਅਦ ਫੈਸਲਾ ਕੀਤਾ ਕਿ ਹੁਣ ਆਪੋ ਆਪਣੇ ਟਿਕਾਣਿਆਂ ਉਤੇ ਹੀ ਜਾਣਾ ਹੈ। ਅਗਲੇ ਦੋ ਦਿਨਾਂ ਤੋਂ ਬਾਅਦ ਈਸ਼ਰ ਸਿੰਘ ਢੁੱਡੀਕੇ ਤੇ ਉੱਤਰ ਸਿੰਘ ਹਾਂਸ ਬਿੰਝੋ ਵਾਲੇ ਸਾਧ ਦੇ ਡੇਰੇ ਉਤੇ ਜਾਣਗੇ। ਏਥੇ ਜਵੰਧ ਸਿੰਘ ਨੰਗਲ, ਬੀਰ ਸਿੰਘ ਬਾਹੋਵਾਲ, ਹਰਦਿੱਤ ਸਿੰਘ ਡੱਲੇਵਾਲ, ਬੰਤਾ ਸਿੰਘ ਸੰਘਵਾਲ ਤੇ ਪਿਆਰਾ ਸਿੰਘ ਲੰਗੇਰੀ ਉਨ੍ਹਾਂ ਨੂੰ ਮਿਲਣਗੇ। ਡੇਰੇ ਵਿਚ ਇਕੱਠੇ ਹੋ ਕੇ ਅਗਲੇ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਬਿੰਝੋ ਪਿੰਡ ਦੇ ਲਾਗੇ ਇਕ ਸਾਧ ਦੀ ਕੁਟੀਆ ਸੀ। ਪਿੰਡ ਦੇ ਬਾਹਰ ਇਹ ਸਾਧ ਭਜਨ ਬੰਦਗੀ ਕਰਨ ਵਾਲਾ ਬੰਦਾ ਸੀ। ਪਹਿਲਾਂ ਏਥੇ ਜਵੰਧ ਸਿੰਘ ਨੰਗਲ ਆਉਂਦਾ ਸੀ। ਹੌਲੀ ਹੌਲੀ ਹੋਰ ਗ਼ਦਰੀ ਵੀ ਏਥੇ ਆਉਣ ਲੱਗੇ। ਗ਼ਦਰੀ ਏਥੇ ਆ ਕੇ ਆਪਣੀਆਂ ਗੁਪਤ ਮੀਟਿੰਗਾਂ ਕਰਦੇ। ਸਾਧ ਉਨ੍ਹਾਂ ਨੂੰ ਚਾਹ ਪਾਣੀ ਵੀ ਪਿਲਾ ਛੱਡਦਾ। ਕਈ ਗ਼ਦਰੀ ਏਥੇ ਰਾਤਾਂ ਵੀ ਕੱਟ ਜਾਂਦੇ। ਇਸ ਕਰਕੇ ਸਾਰਿਆਂ ਨੇ ਸੋਚਿਆ ਕਿ ਪਿੰਡ ਬਿੰਝੋ ਵਾਲੇ ਸਾਧ ਦੀ ਕੁਟੀਆ ਹੀ ਠੀਕ ਰਹੇਗੀ। ਕੁਟੀਆ ਵਿਚ ਇਕੱਠੇ ਹੋ ਕੇ ਆਉਣ ਵਾਲੇ ਸਮੇਂ ਵਿਚ ਕੋਈ ਨਵਾਂ ਪ੍ਰੋਗਰਾਮ ਉਲੀਕਿਆ ਜਾਵੇਗਾ। ਹੱਥ ਉੱਤੇ ਹੱਥ ਰੱਖ ਕੇ ਬੈਠ ਜਾਣਾ ਇਨਕਲਾਬੀਆਂ ਦਾ ਕੰਮ ਨਹੀਂ ਹੈ।

## ਕਤਲ ਇਕ ਜ਼ੈਲਦਾਰ ਦਾ

ਬਿੰਝੋ ਵਾਲੇ ਸਾਧ ਦੀ ਕੁਟੀਆ ਵਿਚ ਜਵੰਧ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਬੀਰ ਸਿੰਘ ਬਾਹੋਵਾਲ, ਹਰਦਿੱਤ ਸਿੰਘ ਡੱਲੇਵਾਲ, ਪਰਤਾਪ ਸਿੰਘ ਕੋਟਫਤੂਹੀ, ਈਸ਼ਰ ਸਿੰਘ ਢੁੱਡੀਕੇ ਤੇ ਉੱਤਮ ਸਿੰਘ ਹਾਂਸ ਇਕੱਠੇ ਹੋ ਗਏ। ਸਭ ਤੋਂ ਪਹਿਲਾਂ ਬੰਤਾ ਸਿੰਘ ਸੰਘਵਾਲ ਨੇ ਦੱਸਿਆ ਕਿ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਸਾਰੇ ਗ਼ਦਰੀਆਂ ਨੂੰ ਇਹ ਗੱਲ ਸੁਣ ਕੇ ਬਹੁਤ ਦੁੱਖ ਹੋਇਆ। ਇਸ ਤੋਂ ਪਹਿਲਾਂ ਨੰਦ ਸਿੰਘ ਕੈਲੇ ਨੂੰ ਉਸ ਦੇ ਇਕ ਪਿੰਡ ਦੇ ਬੰਦੇ ਨੇ ਹੀ ਸੂਹ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਪਿਛਲੇ ਦਿਨੀਂ ਕੈਨੇਡਾ ਤੋਂ ਵਾਪਸ ਆਏ ਪਿਆਰਾ ਸਿੰਘ ਲੰਗੇਰੀ ਨੂੰ ਜ਼ੈਲਦਾਰ ਚੰਦਾ ਸਿੰਘ ਨੇ ਪੁਲੀਸ ਨੂੰ ਸਾਰੀ ਸੂਹ ਦੇ ਕੇ ਬਿੰਝੋ ਸਾਧ ਦੀ ਕੁਟੀਆ ਵਿਚੋਂ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਪਿਆਰਾ ਸਿੰਘ ਕੋਲ ਉਸ ਦਿਨ ਇਕ ਟਾਕੂਆ ਹੀ ਸੀ ਜਿਸ ਨਾਲ ਉਹ ਕਿੰਨਾ ਹੀ ਚਿਰ ਪੁਲੀਸ ਨਾਲ ਲੜਦਾ ਰਿਹਾ। ਜ਼ੈਲਦਾਰ ਚੰਦਾ ਸਿੰਘ ਖੁਦ ਘੋੜੀ ਉੱਤੇ ਸਵਾਰ ਹੋ ਕੇ ਪੁਲੀਸ ਦੀ ਮੱਦਦ ਕਰ ਰਿਹਾ ਸੀ।

ਜ਼ੈਲਦਾਰ ਚੰਦਾ ਸਿੰਘ ਬਾਰੇ ਗ਼ਦਰੀਆਂ ਨੂੰ ਪਤਾ ਸੀ ਕਿ ਉਹ ਅੰਗਰੇਜ਼ਾਂ ਦਾ ਪੱਕਾ ਜੀ ਹਜ਼ੂਰੀਆ ਹੈ ਤੇ ਗ਼ਦਰੀਆਂ ਲਈ ਇਕ ਵੱਡਾ ਖਤਰਾ। ਗ਼ਦਰੀਆਂ ਨੇ ਇਸ ਜ਼ੈਲਦਾਰ ਨੂੰ ਸੋਧਣ ਦਾ ਫੈਸਲਾ ਕਰ ਲਿਆ। ਇਕ ਦਿਨ ਇਹ ਸਾਰੇ ਗ਼ਦਰੀ ਖੇਤੀ ਕਾਮਿਆਂ ਦੇ ਭੇਸ ਵਿਚ ਜ਼ੈਲਦਾਰ ਦੇ ਪਿੰਡ ਚਲੇ ਗਏ। ਵਾਢੀ ਦੇ ਦਿਨ ਸਨ। ਮੂੰਹ ਹਨ੍ਹੇਰਾ ਸੀ। ਜਵੰਧ ਸਿੰਘ, ਬੀਰ ਸਿੰਘ ਤੇ ਪ੍ਰਤਾਪ ਸਿੰਘ ਜ਼ੈਲਦਾਰ ਦੇ ਘਰ ਦੇ ਬਾਹਰ ਖਲੋ ਗਏ ਤੇ ਦੂਜੇ ਸਾਥੀ ਘਰ ਦੇ ਅੰਦਰ ਚਲੇ ਗਏ। ਜ਼ੈਲਦਾਰ ਅੱਗੇ ਮੰਜੇ ਉੱਤੇ ਬੈਠਾ ਸੀ। ਸਾਹਮਣੇ ਦੀਵਾ ਜਗ ਰਿਹਾ ਸੀ।

ਈਸ਼ਰ ਸਿੰਘ ਹੱਥ ਜੋੜ ਕੇ ਕਹਿਣ ਲੱਗਾ ਕਿ ਜ਼ੈਲਦਾਰ ਜੀ, ਅਸੀਂ ਪਰਦੇਸੀ ਬੰਦੇ ਆਂ। ਅਸੀਂ ਤੁਹਾਡੇ ਪਿੰਡ ਵਿਚੋਂ ਲੰਘ ਰਹੇ ਸੀ। ਤੁਹਾਡੇ ਪਿੰਡ ਦੇ ਬੰਦਿਆਂ ਨੇ ਸਾਥੋਂ ਸਾਰਾ ਪੈਸਾ ਧੇਲਾ ਖੋਹ ਲਿਆ। ਪਸ਼ੂਆਂ ਦੇ ਗਲਾਂ ਵਿਚੋਂ ਵੀ ਸਭ ਕੁਝ ਲਾਹ ਕੇ ਲੈ ਗਏ। ਤੁਹਾਡੇ ਹੀ ਪਿੰਡ ਦੇ ਬੰਦਿਆਂ ਨੇ ਕਿਹਾ ਬਈ ਤੁਸੀਂ ਜ਼ੈਲਦਾਰ ਸਾਹਿਬ ਕੋਲ ਜਾਉ ਤੇ ਉਹ ਤੁਹਾਡੀ ਗੱਲ ਜ਼ਰੂਰ ਸੁਣਨਗੇ। ਗ਼ਦਰੀਆਂ ਦੀ ਗੱਲ ਸੁਣ ਕੇ ਜ਼ੈਲਦਾਰ ਮੰਜੇ ਉੱਤੇ ਉਠ ਕੇ ਪੈਰੀਂ ਜੁੱਤੀ ਪਾਉਣ ਲੱਗਾ ਤਾਂ ਉਸੇ ਵੇਲੇ ਈਸ਼ਰ ਸਿੰਘ ਨੇ ਪਸਤੌਲ ਨਾਲ

ਫਾਇਰ ਕਰ ਦਿੱਤਾ। ਜ਼ੈਲਦਾਰ ਥਾਏਂ ਲੁਟਕ ਗਿਆ। ਇਸ ਦੇ ਨਾਲ ਹੀ ਉੱਤਮ ਸਿੰਘ ਨੇ ਵੀ ਫਾਇਰ ਕਰ ਦਿੱਤਾ। ਗ਼ਦਰੀ ਅਰਾਮ ਨਾਲ ਬਾਹਰ ਆ ਗਏ।

ਘਰ ਦੇ ਬਾਹਰ ਖਲੋਤੇ ਗ਼ਦਰੀਆਂ ਨੇ ਬਣਾਈ ਹੋਈ ਸਕੀਮ ਅਨੁਸਾਰ ਘਰ ਅੱਗੇ ਬਣਾਏ ਤੂੜੀ ਦੇ ਕੁੱਪ ਨੂੰ ਅੱਗ ਲਾ ਦਿੱਤੀ। ਸੁੱਕੀ ਤੂੜੀ ਨੂੰ ਝੱਟ ਅੱਗ ਚੜ੍ਹ ਗਈ। ਆਂਢ-ਗੁਆਂਢ ਵਿਚ ਰੌਲਾ ਪੈ ਗਿਆ ਕਿ ਜ਼ੈਲਦਾਰਾਂ ਦੇ ਘਰ ਅੱਗ ਲੱਗ ਗਈ। ਗ਼ਦਰੀ ਵੀ ਹਨ੍ਹੇਰੇ ਵਿਚ ਭੱਜੇ ਜਾਂਦੇ ਰੌਲਾ ਪਾਉਣ ਲੱਗੇ ਕਿ ਜ਼ੈਲਦਾਰਾਂ ਦੇ ਅੱਗ ਲੱਗ ਗਈ। ਸਾਰੇ ਪਿੰਡ ਵਿਚ ਰੌਲਾ ਪੈ ਗਿਆ। ਲੋਕ ਇਧਰ ਉਧਰ ਭੱਜਣ ਲੱਗੇ। ਕੋਈ ਵੀ ਕਿਸੇ ਦੀ ਗੱਲ ਨਹੀਂ ਸੀ ਸੁਣ ਰਿਹਾ। ਗ਼ਦਰੀ ਆਪਣਾ ਕੰਮ ਕਰਕੇ ਪਿੰਡ ਵਿੱਚੋਂ ਖਿਸਕ ਗਏ।

ਇਸ ਘਟਨਾ ਤੋਂ ਪਿੱਛੋਂ ਗ਼ਦਰੀਆਂ ਨੇ ਇਕ ਗੁਪਤ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਉਨ੍ਹਾਂ ਕੋਲ ਹਥਿਆਰ ਜ਼ਰੂਰ ਹੋਣੇ ਚਾਹੀਦੇ ਹਨ। ਉਨ੍ਹਾਂ ਦਾ ਸੰਘਰਸ਼ ਹਥਿਆਰਬੰਦ ਹੈ। ਬਿਨਾਂ ਹਥਿਆਰਾਂ ਤੋਂ ਉਹ ਕੁਝ ਨਹੀਂ ਕਰ ਸਕਦੇ। ਉਹ ਲੜਾਈ ਜਾਰੀ ਰੱਖਣਗੇ। ਇਸ ਸਬੰਧੀ ਵਿਚਾਰ-ਵਟਾਂਦਰਾ ਕਰਨ ਲਈ ਨੇੜਲੇ ਦਿਨਾਂ ਵਿਚ ਕੋਈ ਵੱਡੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ। ਇਹ ਵੀ ਫੈਸਲਾ ਹੋਇਆ ਕਿ ਇਹ ਭਰਵੀਂ ਮੀਟਿੰਗ ਪਿੰਡ ਢੁੱਡੀਕੇ ਵਿਚ ਰੱਖੀ ਜਾਵੇ। ਇਸ ਪਿੱਛੋਂ ਸਾਰੇ ਗ਼ਦਰੀ ਆਪੋ ਆਪਣੇ ਟਿਕਾਣਿਆਂ ਵੱਲ ਤੁਰ ਪਏ।

# ਪਿੰਡ ਢੁੱਡੀਕੇ ਦੀ ਇਕ ਵਿਸ਼ੇਸ਼ ਮੀਟਿੰਗ

ਗ਼ਦਰ ਪਾਰਟੀ ਵੱਲੋਂ ਪਿੰਡ ਢੁੱਡੀਕੇ ਵਿਖੇ 25 ਮਈ 1915 ਨੂੰ ਇੱਕ ਵਿਸ਼ੇਸ਼ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਉੱਤਮ ਸਿੰਘ ਹਾਂਸ, ਈਸ਼ਰ ਸਿੰਘ ਢੁੱਡੀਕੇ ਤੇ ਜਵੰਧ ਸਿੰਘ ਨੰਗਲ ਨੇ ਮੀਟਿੰਗ ਨੂੰ ਕਾਮਯਾਬ ਕਰਨ ਲਈ ਕਈ ਦਿਨ ਬਹੁਤ ਭੱਜ ਨੱਠ ਕੀਤੀ। ਇਹ ਮੀਟਿੰਗ ਗ਼ਦਰੀ ਬਾਬਾ ਪਾਲਾ ਸਿੰਘ ਦੇ ਖੇਤ ਦੌਧਰ ਪਿੰਡ ਵੱਲ ਇਕ ਸੂਏ ਦੇ ਕੋਲ ਰੱਖੀ ਹੋਈ ਸੀ। ਇਸ ਮੀਟਿੰਗ ਵਿਚ ਢੁੱਡੀਕੇ ਦੇ ਈਸ਼ਰ ਸਿੰਘ, ਪਾਖਰ ਸਿੰਘ, ਬਚਨ ਸਿੰਘ, ਸੁੰਦਰ ਸਿੰਘ, ਸ਼ਾਮ ਸਿੰਘ, ਰੂੜ ਸਿੰਘ, ਪਾਲਾ ਸਿੰਘ ਵੱਡਾ, ਮਹਿੰਦਰ ਸਿੰਘ, ਨੰਦ ਸਿੰਘ ਦੌਧਰ, ਅਰਜਣ ਸਿੰਘ ਦੌਧਰ, ਜਵੰਧ ਸਿੰਘ ਨੰਗਲ, ਬੰਤਾ ਸਿੰਘ ਸੰਘਵਾਲ, ਬੀਰ ਸਿੰਘ ਬਾਹੋਵਾਲ, ਬੂਟਾ ਸਿੰਘ ਅਕਾਲਗੜ੍ਹ, ਕਪੂਰ ਸਿੰਘ ਕਾਉਂਕੇ, ਅਰਜਣ ਸਿੰਘ ਜਗਰਾਉਂ, ਰੰਗਾ ਸਿੰਘ ਖੁਰਦਪੁਰ, ਹਰਦਿੱਤ ਸਿੰਘ ਡੱਲੇਵਾਲ ਤੇ ਇੰਦਰ ਸਿੰਘ ਸ਼ੇਖ ਦੌਲਤ ਪਹੁੰਚ ਗਏ। ਇਸ ਤੋਂ ਪਹਿਲਾਂ ਰੂੜ ਸਿੰਘ ਚੂਹੜਚੱਕ ਤੇ ਨਿਧਾਨ ਸਿੰਘ ਚੁੱਘਾ ਨੂੰ 19 ਅਪ੍ਰੈਲ ਵਾਲੇ ਦਿਨ ਪੁਲੀਸ ਨੇ ਪਿੰਡ ਕਮਾਲਪੁਰ (ਲੁਧਿਆਣਾ) ਤੋਂ ਗ੍ਰਿਫ਼ਤਾਰ ਕਰ ਲਿਆ ਸੀ।

ਪਿੰਡ ਢੁੱਡੀਕੇ ਦੀ ਇਹ ਮੀਟਿੰਗ ਬਹੁਤ ਭਰਵੀਂ ਸੀ। ਸਾਰੇ ਗ਼ਦਰੀਆਂ ਦੇ ਦਿਲਾਂ ਵਿਚ ਦੇਸ਼ ਦੀ ਖਾਤਰ ਕੁਝ ਕਰਨ ਲਈ ਅਥਾਹ ਜੋਸ਼ ਸੀ। ਪਿੰਡ ਢੁੱਡੀਕੇ ਦੇ ਸਕੂਲ ਵਿਚ ਸੇਵਾ ਨਿਭਾਅ ਰਿਹਾ ਮਾਸਟਰ ਫੇਰਾ ਸਿੰਘ ਆਸੇ ਪਾਸੇ ਖਲੋ ਕੇ ਮੀਟਿੰਗ ਕਰ ਰਹੇ ਸਭ ਗ਼ਦਰੀਆਂ ਲਈ ਇਕ ਪਹਿਰੇਦਾਰ ਵਜੋਂ ਨਿਗਰਾਨੀ ਕਰ ਰਿਹਾ ਸੀ। ਇਸ ਮੀਟਿੰਗ ਵਿਚ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਾਰਟੀ ਵਾਸਤੇ ਹਰ ਹੀਲੇ ਹਥਿਆਰ ਇਕੱਠੇ ਕੀਤੇ ਜਾਣ ਕਿਉਂ ਕਿ ਪਾਰਟੀ ਦਾ ਸੰਘਰਸ਼ ਹਥਿਆਰਬੰਦ ਹੈ। ਹਥਿਆਰਾਂ ਤੋਂ ਬਿਨਾਂ ਗ਼ਦਰੀ ਕੁਝ ਨਹੀਂ ਕਰ ਸਕਦੇ।

ਜਵੰਧ ਸਿੰਘ ਨੰਗਲ ਦਾ ਕਪੂਰਥਲੇ ਦੇ ਫੌਜੀਆਂ ਵਿਚ ਬਹੁਤ ਆਉਣ ਜਾਣ ਸੀ। ਉਥੋਂ ਦੇ ਅਸਲਾਖਾਨੇ ਦਾ ਇੰਚਾਰਜ ਹਵਾਲਦਾਰ ਭਗਵਾਨ ਸਿੰਘ ਜਵੰਧ ਸਿੰਘ ਦਾ ਪੁਰਾਣਾ ਮਿੱਤਰ ਸੀ। ਜਵੰਧ ਸਿੰਘ ਨੇ ਕਿਹਾ ਕਿ ਅਸੀਂ ਕਪੂਰਥਲਾ ਅਸਲਾਖਾਨੇ ਉੱਤੇ ਹਮਲਾ ਕਰਾਂਗੇ। ਭਗਵਾਨ ਸਿੰਘ ਅਸਲਾਖਾਨੇ ਦੀਆਂ ਚਾਬੀਆਂ ਚੁੱਪਚਾਪ ਸਾਨੂੰ ਸੌਂਪ ਦੇਵੇਗਾ। ਉਥੋਂ ਹਥਿਆਰ ਚੁੱਕ ਕੇ ਅਸੀਂ ਸੁੱਤੀ ਪਈ ਫੌਜ ਉੱਤੇ ਹਮਲਾ ਕਰਾਂਗੇ। ਆਉਣ ਵਾਲੇ ਸਮੇਂ ਵਿਚ ਅਸੀਂ ਇਸੇ ਤਰ੍ਹਾਂ ਹਮਲੇ ਕਰਦੇ ਰਹਾਂਗੇ। ਸਭ ਨੇ ਇਸ ਗੱਲ ਨੂੰ

ਪਰਵਾਨ ਕਰ ਲਿਆ।

ਉੱਤਮ ਸਿੰਘ ਹਾਂਸ, ਈਸ਼ਰ ਸਿੰਘ ਢੁੱਡੀਕੇ ਤੇ ਬੀਰ ਸਿੰਘ ਬਾਹੋਵਾਲ ਦਾ ਵਿਚਾਰ ਸੀ ਕਿ ਹਮਲਾ ਕਰਨ ਸਮੇਂ ਸਾਡੀ ਪੂਰੀ ਤਿਆਰੀ ਹੋਣੀ ਚਾਹੀਦੀ ਹੈ। ਕਪੂਰਥਲੇ ਵਿਚ ਗਦਰੀ ਵੱਡੀ ਗਿਣਤੀ ਵਿਚ ਜਾਣ। ਵੱਡੀ ਤਿਆਰੀ ਤੋਂ ਬਿਨਾਂ ਇਹ ਮੋਰਚਾ ਸਰ ਨਹੀਂ ਹੋਣਾ। ਸਭ ਨੇ ਆਪਣੇ ਹੋਰ ਸਾਥੀ ਕਪੂਰਥਲੇ ਲਿਜਾਣ ਲਈ ਹਾਮੀ ਭਰ ਦਿੱਤੀ। ਕਪੂਰਥਲੇ ਜਾਣ ਦਾ ਪੰਜ ਜੂਨ ਦਾ ਦਿਨ ਮਿਥਿਆ ਗਿਆ। ਸਭ ਗ਼ਦਰੀ ਆਪੋ ਆਪਣੇ ਟਿਕਾਣਿਆਂ ਨੂੰ ਚੱਲ ਪਏ।

ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਨੇ ਬੜੀ ਭੱਜ ਨੱਠ ਕਰਕੇ ਬਹੁਤ ਸਾਥੀ ਤਿਅਰ ਕਰ ਲਏ। ਕਪੂਰਥਲੇ ਪਹੁੰਚਣ ਲਈ ਅੱਡ-ਅੱਡ ਡਿਊਟੀਆਂ ਲੱਗ ਗਈਆਂ। ਆਸੇ ਪਾਸੇ ਤੋਂ ਆਏ ਗ਼ਦਰੀ ਇਕ ਬਾਗ ਵਿਚ ਇਕੱਠੇ ਹੁੰਦੇ ਗਏ। ਜਵੰਧ ਸਿੰਘ ਨੇ ਅਸਲਾਖਾਨੇ ਦੇ ਇੰਚਾਰਜ ਨਾਲ ਸਾਰੀ ਗੱਲਬਾਤ ਕਰ ਰੱਖੀ ਸੀ। ਉਸ ਦਾ ਵਿਚਾਰ ਸੀ ਕਿ ਗ਼ਦਰੀ ਵੀ ਗਿਣਤੀ ਵਿਚ ਆ ਕੇ ਹਮਲਾ ਕਰਨ। ਪਿੱਛੋਂ ਅਫ਼ਸਰ ਇਹ ਸੋਚਣ ਕਿ ਗ਼ਦਰੀਆਂ ਦੀ ਗਿਣਤੀ ਜ਼ਿਆਦਾ ਸੀ ਤੇ ਉਨ੍ਹਾਂ ਨੇ ਕੁੱਟਮਾਰ ਕਰਕੇ ਇੰਚਾਰਜ ਤੋਂ ਅਸਲਾਖਾਨਾ ਦੀਆਂ ਚਾਬੀਆਂ ਖੋਹ ਲਈਆਂ।

ਇਧਰ ਗ਼ਦਰੀ ਬਾਗ ਵਿਚ ਇਕੱਠੇ ਬੈਠੇ ਸਨ। ਕੁਝ ਇਧਰ ਉਧਰ ਘੁੰਮ ਰਹੇ ਸਨ। ਈਸ਼ਰ ਸਿੰਘ ਤੇ ਉੱਤਮ ਸਿੰਘ ਵੇਖ ਰਹੇ ਸਨ ਕਿ ਬੰਦੇ ਤਾਂ ਏਥੇ ਵੀਹ ਵੀ ਇਕੱਠੇ ਨਹੀਂ ਹੋਏ। ਢੁੱਡੀਕੇ ਮੀਟਿੰਗ ਵਿਚ ਤਾਂ ਗਦਰੀਆਂ ਦੀ ਗਿਣਤੀ ਜ਼ਿਆਦਾ ਸੀ। ਸਾਰੇ ਜਣੇ ਮਾਯੂਸ ਹੋ ਗਏ। ਫਰਵਰੀ ਦੀ 23 ਤਾਰੀਕ ਨੂੰ ਗ਼ਦਰੀ ਗਾਰਦ ਤੋਂ ਰਫਲਾਂ ਖੋਹਣ ਲਈ ਦੁਰਾਹੇ ਗਏ ਸਨ ਪਰ ਉਥੋਂ ਖਾਲੀ ਹੱਥ ਮੁੜੇ ਸਨ। ਅੱਜ ਵੀ ਗ਼ਦਰੀਆਂ ਦੀ ਗਿਣਤੀ ਘੱਟ ਸੀ। ਫਿਰ ਸਭ ਨੇ ਇਹ ਫੈਸਲਾ ਕੀਤਾ ਕਿ ਅੱਜ ਦਾ ਪ੍ਰੋਗਰਾਮ ਵੀ ਮੁਲਤਵੀ ਕਰ ਦਿੱਤਾ ਜਾਵੇਗਾ। ਗ਼ਦਰੀ ਮਾਯੂਸ ਨਹੀਂ ਸਨ। ਸਭ ਨੇ ਇਕ ਹੋਰ ਸਲਾਹ ਬਣਾਈ ਕਿ ਅੰਮ੍ਰਿਤਸਰ ਦੇ ਲਾਗੇ ਵੱਲਾ ਪੁਲ ਉਤੇ ਫੌਜੀ ਗਾਰਦ ਦਾ ਪਹਿਰਾ ਲੱਗਦਾ ਹੈ। ਉਸ ਗਾਰਦ ਤੋਂ ਰਫਲਾਂ ਖੋਹੀਆਂ ਜਾਣ। ਇਹ 12 ਜੂਨ ਦਾ ਦਿਨ ਮਿਥ ਲਿਆ ਪਰ ਸਾਰਿਆਂ ਨੇ ਇਸ ਗੱਲ ਉਤੇ ਪੂਰਾ ਜ਼ੋਰ ਦਿੱਤਾ ਕਿ 12 ਜੂਨ ਨੂੰ ਵੱਧ ਤੋਂ ਵੱਧ ਗ਼ਦਰੀ ਵੱਲਾ ਪੁਲ ਉੱਤੇ ਪਹੁੰਚ ਜਾਣ। ਉੱਤਮ ਸਿੰਘ ਹੋਰੀਂ ਪੂਰੇ ਉਤਸ਼ਾਹ ਵਿਚ ਸਨ। ਇਹ ਸੀ ਸਾਡੀ ਅਜ਼ਾਦੀ ਸੰਗਰਾਮ ਦੇ ਅਸਲੀ ਨਾਇਕ।

# ਵੱਲਾ ਪੁਲ ਦਾ ਸਾਕਾ

ਅੰਮ੍ਰਿਤਸਰ ਸ਼ਹਿਰ ਦੇ ਨੇੜਲੇ ਪਿੰਡ ਵੱਲਾ ਵਾਲੀ ਨਹਿਰ। ਨਹਿਰ ਦੇ ਪੁਲ ਉਤੇ ਫੌਜੀ ਗਾਰਦ ਦਾ ਪਹਿਰਾ। ਨਹਿਰ ਦੇ ਇਕ ਪਾਸੇ ਬੜੀ ਕਸੁਥਰੀ ਜਗ੍ਹਾ। ਉੱਚਾ ਘਾਹ ਫੂਸ ਸਕਰੜਾ। ਘੁੱਪ ਹਨ੍ਹੇਰੀ ਰਾਤ। ਜੂਨ ਮਹੀਨੇ ਦੀ 11 ਤਾਰੀਕ। ਕਹਿਰ ਦੀ ਗਰਮੀ। ਇਸ ਗਰਮੀ ਵਿਚ ਸੁੰਨਸਾਨ ਤੇ ਕਸੁਥਰੀ ਜਗ੍ਹਾ ਵਿਚ ਅਜ਼ਾਦੀ ਦੇ ਦੀਵਾਨੇ ਛੁਪ ਕੇ ਆ ਬੈਠੇ। ਉੱਤਮ ਸਿੰਘ ਹਾਂਸ, ਈਸ਼ਰ ਸਿੰਘ, ਰੂੜ ਸਿੰਘ, ਬਚਨ ਸਿੰਘ, ਸ਼ਾਮ ਸਿੰਘ, ਆਤਮਾ ਸਿੰਘ, ਜਵੰਧ ਸਿੰਘ, ਬੰਤਾ ਸਿੰਘ ਸੰਘਵਾਲ, ਹਰਦਿੱਤ ਸਿੰਘ, ਚੰਨਣ ਸਿੰਘ, ਹਰਨਾਮ ਸਿੰਘ, ਲਛਮਣ ਸਿੰਘ ਤੇ ਇੰਦਰ ਸਿੰਘ ਹੋਰੀਂ ਆਪੋ ਆਪਣੇ ਹਥਿਆਰ ਸੰਭਾਲੀ ਪੂਰੇ ਹੁਸ਼ਿਆਰ ਹੋ ਕੇ ਬੈਠੇ ਸਨ। ਅੱਜ ਇਨ੍ਹਾਂ ਨੇ ਫੌਜੀ ਗਾਰਦ ਤੋਂ ਰਫਲਾਂ ਖੋਹਣੀਆਂ ਸਨ। ਪਾਰਟੀ ਦਾ ਵੱਡਾ ਕੰਮ ਹੁਣ ਹਥਿਆਰ ਇਕੱਠੇ ਕਰਨਾ ਸੀ। ਵੱਡੀ ਗੱਲ ਇਹ ਸੀ ਕਿ ਇਸ ਭੈੜੀ ਜਗ੍ਹਾ ਵਿਚ ਗਰਮੀ ਹੋਣ ਦੇ ਬਾਵਜੂਦ ਸਭ ਨਿਸਚਿਤ ਸਨ। ਕਿਸੇ ਨੂੰ ਵੀ ਸੱਪ ਜਾਂ ਕਿਸੇ ਜ਼ਹਿਰੀਲੇ ਜੀਵ ਜੰਤੂ ਦਾ ਕੋਈ ਵੀ ਭੈਅ ਨਹੀਂ ਸੀ। ਇੱਕੋ ਇੱਕ ਨਿਸ਼ਾਨਾ ਗਾਰਦ ਤੋਂ ਰਫਲਾਂ ਖੋਹਣ ਦਾ ਸੀ।

ਗ਼ਦਰੀਆਂ ਦੇ ਕੱਪੜੇ ਮੁੜ੍ਹਕੇ ਨਾਲ ਭਿੱਜੇ ਪਏ ਸਨ। ਝੱਲ ਵਿਚ ਹਵਾ ਵੀ ਨਹੀਂ ਸੀ ਲੱਗਦੀ। ਹਨ੍ਹੇਰੇ ਵਿਚ ਗ਼ਦਰੀ ਮੌਕੇ ਦੀ ਤਾੜ ਵਿਚ ਸਨ। ਅੱਧੀ ਰਾਤ ਤੋਂ ਬਾਅਦ ਰੇਲ ਗੱਡੀ ਆ ਗਈ। ਪੁਲ ਉੱਤੇ ਚਾਨਣ ਹੋ ਗਿਆ। ਉੱਤਮ ਸਿੰਘ, ਜਵੰਧ ਸਿੰਘ, ਈਸ਼ਰ ਸਿੰਘ ਤੇ ਬੰਤਾ ਸਿੰਘ ਸਭ ਤੋਂ ਅੱਗੇ ਸਨ। ਸਭ ਤੋਂ ਪਹਿਲਾਂ ਇਨ੍ਹਾਂ ਨੇ ਐਕਸ਼ਨ ਕਰਨਾ ਸੀ। ਚਾਨਣ ਬਿਖੇਰਦੀ ਗੱਡੀ ਪੁਲ ਉਤੇ ਆ ਗਈ। ਸਾਰੇ ਪਹਿਰੇਦਾਰ ਉਠ ਕੇ ਭੱਜੀ ਜਾਂਦੀ ਗੱਡੀ ਵੱਲ ਵੇਖ ਰਹੇ ਸਨ। ਈਸ਼ਰ ਸਿੰਘ, ਉੱਤਮ ਸਿੰਘ ਤੇ ਜਵੰਧ ਸਿੰਘ ਨੇ ਗੋਲੀ ਚਲਾ ਦਿੱਤੀ। ਇਕ ਪਾਸੇ ਗੱਡੀ ਦਾ ਖੜਕਾ। ਇਧਰ ਗੋਲੀਆਂ ਦਾ ਖੜਕਾ। ਸਾਰੀ ਗਾਰਦ ਨੂੰ ਪਤਾ ਹੀ ਨਾ ਲੱਗਾ ਕਿ ਕੀ ਹੋ ਗਿਆ। ਇੱਕ ਪਹਿਰੇਦਾਰ ਥਾਏਂ ਡਿੱਗ ਪਿਆ। ਗ਼ਦਰੀਆਂ ਵੱਲੋਂ ਹੋਰ ਗੋਲੀ ਚੱਲੀ। ਸਾਰੇ ਪਹਿਰੇਦਾਰ ਇਕ ਪਾਸੇ ਭੱਜ ਤੁਰੇ।

ਗੱਡੀ ਪੁਲ ਪਾਰ ਕਰ ਗਈ। ਗ਼ਦਰੀ ਭੱਜ ਕੇ ਪੁਲ ਉਤੇ ਆਏ ਤੇ ਪਹਿਰੇਦਾਰਾਂ ਦੇ ਹਥਿਆਰ ਤੇ ਗੋਲੀ ਸਿੱਕਾ ਚੁੱਕ ਕੇ ਵਾਪਸ ਝੱਲ ਵਿਚ ਆ ਗਏ। ਗ਼ਦਰੀਆਂ ਦੇ ਹੱਥ ਛੇ ਰਾਈਫਲਾਂ ਤੇ 450 ਕਾਰਤੂਸ ਲੱਗੇ। ਫਿਰ ਛੇਤੀ ਹੀ ਹਥਿਆਰ ਸਾਂਭ ਕੇ ਅੱਡ-ਅੱਡ ਹੋ ਕੇ ਏਥੋਂ ਤੁਰਨ ਦਾ ਪ੍ਰੋਗਰਾਮ ਬਣਾ ਲਿਆ। ਰਫਲਾਂ ਉੱਤਮ ਸਿੰਘ, ਈਸ਼ਰ ਸਿੰਘ,

ਜਵੰਧ ਸਿੰਘ, ਬੰਤਾ ਸਿੰਘ ਤੇ ਹਰਦਿੱਤ ਸਿੰਘ ਨੇ ਸੰਭਾਲ ਲਈਆਂ। ਕਾਰਤੂਸ ਵੰਡ ਲਏ। ਦੇਸ਼ ਭਗਤ ਸੰਗਰਾਮੀਏ ਏਥੋਂ ਆਪਣੀ ਮੰਜ਼ਿਲ ਵੱਲ ਤੁਰ ਪਏ।

ਹਨ੍ਹੇਰੀ ਰਾਤ। ਕੋਈ ਸਿੱਧਾ ਪੱਧਰਾ ਰਸਤਾ ਨਹੀਂ। ਜਵੰਧ ਸਿੰਘ ਤੇ ਬੰਤਾ ਸਿੰਘ ਹੀ ਇਸ ਪਾਸੇ ਦੇ ਭੇਤੀ ਸਨ। ਦੋਹਾਂ ਦੇ ਆਸਰੇ ਨਾਲ ਸਾਰੇ ਗ਼ਦਰੀ ਖੇਤਾਂ ਵਿਚ ਤੁਰ ਰਹੇ ਸਨ। ਬੰਤਾ ਸਿੰਘ ਹੋਰਾਂ ਦਾ ਵਿਚਾਰ ਸੀ ਕਿ ਤਰਨਤਾਰਨ ਦੇ ਬਾਹਰ ਵਾਰ ਹੋ ਕੇ ਗੋਇੰਦਵਾਲ ਵੱਲ ਵਧਿਆ ਜਾਵੇਗਾ। ਅੱਗੇ ਦਰਿਆ ਪਾਰ ਕਰਕੇ ਰਿਆਸਤ ਕਪੂਰਥਲਾ ਵਿਚ ਦਾਖਲ ਹੋ ਜਾਵਾਂਗੇ। ਦਿਨ ਚੜ੍ਹਦੇ ਨਾਲ ਪਿਛਲੇ ਪਾਸੇ ਤੋਂ ਗ਼ਦਰੀਆਂ ਪਿੱਛੇ ਪੁਲੀਸ ਲੱਗ ਤੁਰੀ। ਸ਼ਾਇਦ ਫੌਜੀਆਂ ਨੇ ਪੁਲੀਸ ਨੂੰ ਇਤਲਾਹ ਦੇ ਦਿੱਤੀ ਸੀ। ਪੁਲੀਸ ਆਉਂਦੀ ਵੇਖ ਕੇ ਗ਼ਦਰੀ ਤੇਜ਼ ਹੋ ਗਏ। ਸਭ ਤੋਂ ਪਿੱਛੇ ਉੱਤਮ ਸਿੰਘ, ਈਸ਼ਰ ਸਿੰਘ, ਜਵੰਧ ਸਿੰਘ ਤੇ ਬੰਤਾ ਸਿੰਘ ਸਨ। ਉਨ੍ਹਾਂ ਕੋਲ ਰਫਲਾਂ ਤੇ ਗੋਲੀ ਸਿੱਕਾ ਸੀ। ਲੋੜ ਪੈਣ ਉੱਤੇ ਉਹ ਗੋਲੀ ਚਲਾ ਦੇਣਗੇ।

ਦਿਨ ਚੜ੍ਹਦਾ ਗਿਆ। ਗ਼ਦਰੀ ਰਾਹ ਛੱਡ ਕੇ ਖੇਤਾਂ ਵਿੱਚੀ ਜਾ ਰਹੇ ਸਨ। ਪਿੰਡਾਂ ਦੇ ਲੋਕ ਉੱਠ ਕੇ ਗ਼ਦਰੀਆਂ ਦੇ ਪਿੱਛੇ ਭੱਜ ਤੁਰੇ। ਡਾਕੂ ਉਏ, ਡਾਕੂ ਉਏ ਦਾ ਰੌਲਾ ਪੈ ਰਿਹਾ ਸੀ। ਪੁਲੀਸ ਨੇ ਗ਼ਦਰੀਆਂ ਉਤੇ ਗੋਲੀ ਚਲਾ ਦਿੱਤੀ। ਇਧਰ ਉੱਤਮ ਸਿੰਘ, ਈਸ਼ਰ ਸਿੰਘ, ਗਾਂਧਾ ਸਿੰਘ ਤੇ ਬੰਤਾ ਸਿੰਘ ਵੀ ਰੁਕ-ਰੁਕ ਕੇ ਗੋਲੀ ਚਲਾਉਂਦੇ। ਦੂਜੇ ਗ਼ਦਰੀ ਵਾਹੋ ਦਾਹ ਭੱਜ ਰਹੇ ਸਨ। ਖੇਤ ਜੰਗ ਦਾ ਮੈਦਾਨ ਬਣ ਗਏ। ਪਿੰਡਾਂ ਦੇ ਲੋਕ ਭੱਜ ਕੇ ਆਉਂਦੇ ਪਰ ਗ਼ਦਰੀ ਉਨ੍ਹਾਂ ਵੱਲ ਗੋਲੀ ਤਾਂ ਚਲਾਉਂਦੇ ਪਰ ਉਹ ਸਿਰਫ਼ ਹਵਾਈ ਫਾਇਰ ਕਰਦੇ। ਲੋਕ ਡਰਦੇ ਪਿੱਛੇ ਭੱਜ ਤੁਰਦੇ ਤੇ ਗ਼ਦਰੀ ਹੋਰ ਵੀ ਜ਼ੋਰ ਨਾਲ ਅੱਗੇ ਨੂੰ ਭੱਜ ਤੁਰਦੇ।

ਉੱਤਮ ਸਿੰਘ ਹੋਰੀ ਇਸ ਗੱਲ ਦਾ ਖਿਆਲ ਰੱਖ ਰਹੇ ਸਨ ਕਿ ਅੰਨ੍ਹੇਵਾਹ ਗੋਲੀ ਨਾ ਚਲਾਈ ਜਾਵੇ। ਅੱਧੀ ਰਾਤ ਦੇ ਭੁੱਖੇ ਤਿਹਾਏ ਤੁਰੇ ਗ਼ਦਰੀ ਤਰਨਤਾਰਨ ਪਾਰ ਕਰਕੇ ਗੋਇੰਦਵਾਲ ਨੂੰ ਹੋ ਤੁਰੇ। ਪੁਲੀਸ ਵੀ ਪਿੱਛਾ ਨਹੀਂ ਸੀ ਛੱਡ ਰਹੀ ਪਰ ਗ਼ਦਰੀਆਂ ਦਾ ਹੌਸਲਾ ਬੇਮਿਸਾਲ ਸੀ। ਉਹ ਪੂਰਾ ਜ਼ੋਰ ਲਾ ਕੇ ਭੱਜ ਰਹੇ ਸਨ। ਅਖੀਰ ਉਹ ਦਰਿਆ ਦੇ ਕਿਨਾਰੇ ਪਹੁੰਚ ਗਏ। ਬੇੜੀ ਗ਼ਦਰੀਆਂ ਵਾਲੇ ਪਾਸੇ ਖਲੋਤੀ ਹੋਈ ਸੀ। ਗ਼ਦਰੀ ਬੇੜੀ ਉਤੇ ਸਵਾਰ ਹੋਣ ਲੱਗੇ। ਉਧਰ ਪੁਲੀਸ ਨੇ ਗੋਲੀ ਚਲਾ ਦਿੱਤੀ। ਪੁਲੀਸ ਦੀ ਗੋਲੀ ਨਾਲ ਕਿਸ਼ਤੀ ਦਾ ਮਲਾਹ ਮਾਰਿਆ ਗਿਆ। ਗਰੀਬ ਬੰਦੇ ਦੀ ਅਜਾਈਂ ਜਾਨ ਗਈ। ਬੇੜੀ ਉਤੇ ਬੈਠਣ ਲੱਗਿਆਂ ਗ਼ਦਰੀਆਂ ਨੇ ਪੁਲੀਸ ਵੱਲ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਪੁਲੀਸ ਵਾਲੇ ਗੋਲੀਆਂ ਤੋਂ ਡਰਦੇ ਲੋਟਣੀਆਂ ਖਾਂਦੇ ਜ਼ਮੀਨ ਉੱਤੇ ਲੇਟ ਗਏ। ਇਧਰ ਗਦਰੀ ਆਪ ਹੀ ਬੇੜੀ ਚਲਾ ਕੇ ਦਰਿਆ ਪਾਰ ਚਲੇ ਗਏ।

ਦਿਨ ਛੁਪ ਗਿਆ ਸੀ। ਸਾਰੇ ਗ਼ਦਰੀ ਦਰਿਆ ਲਾਗਲੇ ਝੱਲ ਵਿਚ ਆ ਗਏ। ਸਭ ਦਾ ਬੁਰਾ ਹਾਲ ਸੀ। ਭੁੱਖ ਤੇਹ ਨੇ ਉਨ੍ਹਾਂ ਨੂੰ ਹੋਰ ਵੀ ਨਿਢਾਲ ਕਰ ਦਿੱਤਾ। ਕਈਆਂ ਦੇ ਪੈਰੋਂ ਜੁੱਤੀਆਂ ਲੱਥ ਗਈਆਂ ਸਨ। ਉਨ੍ਹਾਂ ਦੇ ਪੈਰ ਸੁੱਜ ਗਏ ਸਨ। ਪੈਰਾਂ ਵਿਚੋਂ ਲਹੂ

ਚੋਅ ਰਿਹਾ ਸੀ। ਰਾਤ ਹੁਣ ਫਿਰ ਸਾਹਮਣੇ ਸੀ। ਰੋਟੀ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਝੱਲ ਵਿਚ ਹਵਾ ਵੀ ਨਹੀਂ ਸੀ ਲੱਗਦੀ। ਗਰਮੀ ਦਾ ਪੂਰਾ ਜ਼ੋਰ ਸੀ। ਅਜ਼ਾਦੀ ਦੇ ਦੀਵਾਨੇ ਬੇਖੌਫ ਹੋ ਕੇ ਦੂਜੀ ਰਾਤ ਵੀ ਝੱਲ ਵਿਚ ਬੈਠੇ ਸਨ। ਦਿਲਾਂ ਵਿਚ ਇਕੋ ਚਾਹ ਸੀ ਕਿ ਹਥਿਆਰ ਇਕੱਠੇ ਕੀਤੇ ਜਾਣ। ਹਥਿਆਰਾਂ ਨਾਲ ਅੰਗਰੇਜ਼ੀ ਸਰਕਾਰ ਦਾ ਟਾਕਰਾ ਕੀਤਾ ਜਾ ਸਕੇ। ਦੇਸ਼ ਨੂੰ ਸਿਰਫ਼ ਇਸੇ ਰਾਹ ਚੱਲ ਕੇ ਹੀ ਅਜ਼ਾਦ ਕਰਵਾਇਆ ਜਾ ਸਕਦਾ ਹੈ। ਦੇਸ਼ ਨੂੰ ਹਰ ਹੀਲੇ ਅਜ਼ਾਦ ਕਰਵਾਉਣਾ ਹੈ। ਬੇਸ਼ਕ ਜਾਨ ਚਲੀ ਜਾਵੇ।

ਗ਼ਦਰੀ ਹੁਣ ਕਪੂਰਥਲਾ ਰਿਆਸਤ ਵਿਚ ਬੈਠੇ ਸਨ। ਦੂਜੀ ਰਾਤ ਵੀ ਉਜਾੜ ਵਿਚ। ਘੁੱਪ ਹਨ੍ਹੇਰੀ ਰਾਤ। ਜੀਵ ਜੰਤੂਆਂ ਦੀਆਂ ਭਿਆਨਕ ਅਵਾਜ਼ਾਂ। ਪੁਲੀਸ ਦਾ ਖ਼ਤਰਾ, ਰਾਤ ਇਸੇ ਤਰ੍ਹਾਂ ਬੀਤੀ। ਵੱਡਾ ਤੜਕਾ ਹੋਇਆ। ਸਾਰੇ ਗ਼ਦਰੀਆਂ ਨੇ ਵਿਚਾਰ-ਵਟਾਂਦਰਾ ਕੀਤਾ। ਸਾਰੀਆਂ ਰਫਲਾਂ ਹੁਣ ਜਵੰਧ ਸਿੰਘ ਤੇ ਬੰਤਾ ਸਿੰਘ ਸੰਭਾਲਣਗੇ। ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਹੁਣ ਬੇੜੀ ਪਾਰ ਕਰਕੇ ਸੁਲਤਾਨਪੁਰ ਲੋਧੀ ਵੱਲ ਚਲੇ ਜਾਣਗੇ। ਇਸ ਤੋਂ ਅੱਗੇ ਉਹ ਨਕੋਦਰ ਨੂੰ ਜਾਂ ਫਿਰ ਫਿਰੋਜ਼ਪੁਰ ਨੂੰ ਚਲੇ ਜਾਣਗੇ। ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਢੁੱਡੀਕੇ ਝੱਲ ਵਿਚੋਂ ਬਾਹਰ ਆਏ। ਦਰਿਆ ਬਿਆਸ ਦਾ ਪਾਣੀ ਡਲ੍ਹਕਾਂ ਮਾਰ ਰਿਹਾ ਸੀ। ਬੇੜੀ ਇਧਰ ਹੀ ਸੀ। ਦੋਵੇਂ ਸੂਰਮੇ ਬੇੜੀ ਵਿਚ ਸਵਾਰ ਹੋ ਗਏ। ਉੱਤਮ ਸਿੰਘ ਹਾਂਸ ਨੇ ਵਾਹਿਗੁਰੂ ਦਾ ਨਾਮ ਲੈ ਕੇ ਅਗਲੀ ਮੰਜ਼ਿਲ ਵੱਲ ਵਧਣ ਲਈ ਦਰਿਆ ਵਿਚ ਬੇੜੀ ਠੇਲ੍ਹ ਦਿੱਤੀ। ਧੰਨ ਸਨ ਇਹ ਮਾਂ ਦੇ ਜਾਏ ਗ਼ਦਰੀ ਸੂਰਬੀਰ।

# ਉੱਤਮ ਸਿੰਘ ਹਾਂਸ ਰੂਪੋਸ਼

ਵੱਲਾ ਪੁਲ ਦੇ ਸਾਕੇ ਤੋਂ ਬਾਅਦ ਸਾਰੇ ਗ਼ਦਰੀ ਆਪੋ ਆਪਣੇ ਟਿਕਾਣਿਆਂ ਵੱਲ ਪਰਤ ਗਏ ਪਰ ਇਸ ਘਟਨਾ ਨੇ ਅੰਗਰੇਜ਼ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਰਕਾਰ ਹੁਣ ਗ਼ਦਰੀਆਂ ਉੱਤੇ ਸਖ਼ਤ ਨਜ਼ਰ ਰੱਖਣ ਲੱਗ ਪਈ। ਪੁਲੀਸ ਤੇ ਅੰਗਰੇਜ਼ਾਂ ਦੇ ਜੀ ਹਜ਼ੂਰੀਏ ਵਧੇਰੇ ਸਰਗਰਮ ਹੋ ਗਏ। ਗ਼ਦਰੀ ਪੁਲੀਸ ਦੀਆਂ ਨਜ਼ਰਾਂ ਤੋਂ ਬਚਣ ਲਈ ਲੁਕ ਛੁਪ ਕੇ ਰਹਿਣ ਲਈ ਮਜਬੂਰ ਹੋ ਗਏ। ਕਈਆਂ ਨੂੰ ਜੂਹਬੰਦ ਕਰ ਦਿੱਤਾ। ਕਈ ਗ੍ਰਿਫਤਾਰ ਕਰ ਲਏ ਗਏ। ਰੂੜ ਸਿੰਘ ਚੂਹੜਚੱਕ ਤੇ ਨਿਧਾਨ ਸਿੰਘ ਚੁੱਘਾ ਪਿੰਡ ਕਮਾਲਪੁਰੇ ਤੋਂ ਗ੍ਰਿਫ਼ਤਾਰ ਕਰ ਲਏ। ਬੂਟਾ ਸਿੰਘ ਅਕਾਲਗੜ੍ਹ, ਬੀਰ ਸਿੰਘ ਬਾਹੋਵਾਲ, ਕਪੂਰ ਸਿੰਘ ਕਾਉਂਕੇ ਤੇ ਅਰਜਣ ਸਿੰਘ ਜਗਰਾਉਂ ਨੂੰ ਕਪੂਰਥਲੇ ਤੋਂ ਮੁੜਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਈਸ਼ਰ ਸਿੰਘ ਢੁੱਡੀਕੇ ਵੱਲਾ ਪੁਲ ਤੋਂ ਆਪਣੇ ਪਿੰਡ ਪਹੁੰਚ ਗਿਆ ਸੀ। ਕੁਝ ਦਿਨਾਂ ਬਾਅਦ ਪਾਖਰ ਸਿੰਘ ਢੁੱਡੀਕੇ ਨੂੰ ਵੀ ਪੁਲੀਸ ਗ੍ਰਿਫ਼ਤਾਰ ਕਰ ਕੇ ਲੈ ਗਈ। ਸਮਾਂ ਵੇਖ ਕੇ ਈਸ਼ਰ ਸਿੰਘ ਆਪਣੇ ਦੋਸਤ ਉੱਤਮ ਸਿੰਘ ਕੋਲ ਉਸ ਦੇ ਪਿੰਡ ਆ ਗਿਆ।

ਦੋਹਾਂ ਗ਼ਦਰੀ ਸੂਰਬੀਰਾਂ ਨੇ ਪੁਲੀਸ ਦਾ ਬਦਲਿਆ ਵਤੀਰਾ ਵੇਖ ਕੇ ਸਲਾਹ ਬਣਾਈ ਕਿ ਹੁਣ ਕੁਝ ਚਿਰ ਲਈ ਆਸੇ-ਪਾਸੇ ਚਲੇ ਜਾਣਾ ਹੀ ਠੀਕ ਹੈ। ਈਸ਼ਰ ਸਿੰਘ ਢੁੱਡੀਕੇ ਜੈਤੋ ਕੋਲ ਝੱਖੜ ਵਾਲਾ ਪਿੰਡ ਵਿਚ ਵਿਆਹਿਆ ਹੋਇਆ ਸੀ। ਜੈਤੋ ਹਾਂਸ ਕਲਾਂ ਤੋਂ ਕਾਫੀ ਦੂਰ ਸੀ। ਬੱਸ ਦੋਹਾਂ ਨੇ ਵਿਚਾਰ ਕਰਕੇ ਝੱਖੜ ਵਾਲਾ ਪਿੰਡ ਨੂੰ ਚਾਲੇ ਪਾ ਦਿੱਤੇ।

ਝੱਖੜ ਵਾਲਾ ਪਿੰਡ ਵਿਚ ਦੋਵੇਂ ਸਾਥੀ ਕਈ ਦਿਨ ਰੁਕੇ ਰਹੇ। ਸਹੁਰੇ ਪਿੰਡ ਵਿਚ ਆਖਰ ਕਿੰਨੇ ਕੁ ਦਿਨ ਠਹਿਰਦੇ। ਉਥੋਂ ਉਹ ਇਕ ਦਿਨ ਗੋਨੇਆਣਾ ਮੰਡੀ ਆ ਗਏ। ਇਧਰ ਇਕ ਪਿੰਡ ਵਿਚ ਈਸ਼ਰ ਸਿੰਘ ਦੀ ਜਾਣ ਪਹਿਚਾਣ ਸੀ। ਉਸ ਪਿੰਡ ਜਾਣ ਲਈ ਉਹ ਮਹਿਮਾ ਸਰਜਾ ਪਿੰਡ ਪਹੁੰਚ ਗਏ। ਦਿਨ ਛੁਪ ਗਿਆ। ਹੋਰ ਕੋਈ ਚਾਰਾ ਨਾ ਵੇਖ ਕੇ ਉੱਤਮ ਸਿੰਘ ਨੇ ਏਥੇ ਹੀ ਰਾਤ ਕੱਟਣ ਲਈ ਕਿਹਾ। ਪਿੰਡ ਦੇ ਛੁਪਦੇ ਪਾਸੇ ਸੰਨਿਆਸੀ ਸਾਧੂਆਂ ਦਾ ਇਕ ਛੋਟਾ ਜਿਹਾ ਡੇਰਾ ਸੀ, ਜਿਥੇ ਬਾਬਾ ਧਰਮ ਦਾਸ ਇਸ ਡੇਰੇ ਵਿਚ ਸੇਵਾ ਕਰ ਰਿਹਾ ਸੀ। ਦੋਵੇਂ ਗ਼ਦਰੀ ਬਾਬਾ ਧਰਮ ਦਾਸ ਕੋਲ ਚਲੇ ਗਏ। ਬਾਬੇ ਨੂੰ ਰਾਤ ਕੱਟਣ ਲਈ ਬੇਨਤੀ ਕੀਤੀ। ਬਾਬਾ ਧਰਮ ਦਾਸ ਨੇ ਇਨ੍ਹਾਂ ਨੂੰ ਬੜੇ ਪਿਆਰ

ਸਤਿਕਾਰ ਨਾਲ ਡੇਰੇ ਵਿਚ ਠਹਿਰਾਇਆ। ਰੋਟੀ ਪਾਣੀ ਛਕਣ ਲਈ ਦਿੱਤਾ। ਏਥੇ ਦੋਵੇਂ ਗ਼ਦਰੀ ਕਈ ਦਿਨ ਠਹਿਰੇ। ਬਾਬੇ ਨੂੰ ਫੱਕਰ ਸਾਧੂ ਜਾਣ ਕੇ ਉਨ੍ਹਾਂ ਨੇ ਦੱਸ ਦਿੱਤਾ ਕਿ ਉਹ ਗ਼ਦਰੀ ਦੇਸ਼ ਭਗਤ ਹਨ। ਉਹ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕਰ ਰਹੇ ਹਨ। ਦੇਸ਼ ਲਈ ਉਹ ਹਰ ਕੁਰਬਾਨੀ ਕਰਨ ਲਈ ਤਿਆਰ ਹਨ।

ਬਾਬਾ ਧਰਮ ਦਾਸ ਗ਼ਦਰੀ ਸੂਰਬੀਰਾਂ ਦੀਆਂ ਗੱਲਾਂ ਸੁਣ ਕੇ ਬਹੁਤ ਖ਼ੁਸ਼ ਹੋਇਆ। ਬਾਬਾ ਕਹਿਣ ਲੱਗਾ ਕਿ ਪੁੱਤਰੋ ਅਸਲੀ ਸਾਧ ਤਾਂ ਤੁਸੀਂ ਹੋ। ਤੁਸੀਂ ਆਪਣੇ ਬਾਰੇ ਨਹੀਂ ਦੇਸ਼ ਦੀ ਖਾਤਰ ਸੋਚ ਰਹੇ ਹੋ। ਤੁਸੀਂ ਮਹਾਨ ਹੋ। ਅਸਲੀ ਇਨਸਾਨ। ਫਿਰ ਬਾਬੇ ਨੇ ਉਨ੍ਹਾਂ ਨੂੰ ਇਕ ਸਲਾਹ ਦਿੱਤੀ ਕਿ ਤੁਸੀਂ ਤਾਂ ਬਾਹਰ ਅੰਦਰ ਤੁਰੇ ਫਿਰਨਾ ਹੈ। ਰੋਟੀ ਪਾਣੀ ਪਤਾ ਨਹੀਂ ਕਿਥੋਂ ਮਿਲੇਗਾ। ਤੁਸੀਂ ਚੁੱਪ ਕਰਕੇ ਭਗਵੇਂ ਕੱਪੜੇ ਪਹਿਨ ਲਓ। ਤੁਹਾਨੂੰ ਕੋਈ ਨਹੀਂ ਪੁੱਛੇਗਾ ਤੇ ਰੋਟੀ ਪਾਣੀ ਦਾ ਵੀ ਘਾਟਾ ਨਹੀਂ ਰਹਿਣਾ। ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਹੱਸ ਪਏ। ਫਿਰ ਉਨ੍ਹਾਂ ਨੂੰ ਬਿੰਝੋ ਪਿੰਡ ਵਾਲੀ ਕੁਟੀਆ ਦਾ ਸਾਧ ਯਾਦ ਆ ਗਿਆ। ਉਹ ਵੀ ਬਾਬਾ ਧਰਮ ਦਾਸ ਵਾਲੀ ਗੱਲ ਆਖਿਆ ਕਰਦਾ ਸੀ। ਬੱਸ ਫਿਰ ਦੋਵੇਂ ਗ਼ਦਰੀ ਸੂਰਬੀਰਾਂ ਨੇ ਬਾਬੇ ਦੀ ਗੱਲ ਮੰਨ ਲਈ ਤੇ ਭਗਵੇਂ ਕੱਪੜੇ ਬਣਵਾ ਕੇ ਪਹਿਨ ਲਏ।

ਹੁਣ ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਢੁੱਡੀਕੇ ਭਗਵੇਂ ਕੱਪੜੇ ਪਹਿਨ ਕੇ ਮਹਿਮਾ ਸਰਜਾ ਪਿੰਡ ਦੇ ਡੇਰੇ ਵਿਚ ਰਹਿਣ ਲੱਗੇ। ਦੋਹਾਂ ਕੋਲ ਪਸਤੌਲ ਤੇ ਗੋਲੀ ਸਿੱਕਾ ਸੀ। ਉਹ ਆਪਣੇ ਹਥਿਆਰ ਇਸ ਡੇਰੇ ਵਿਚ ਸੰਭਾਲ ਕੇ ਰੱਖਦੇ। ਉਹ ਕਈ ਵਾਰ ਬਾਹਰ ਅੰਦਰ ਵੀ ਚਲੇ ਜਾਂਦੇ ਤੇ ਫਿਰ ਵਾਪਸ ਡੇਰੇ ਵਿਚ ਆ ਜਾਂਦੇ। ਬਾਬਾ ਉਨ੍ਹਾਂ ਉਤੇ ਬੜਾ ਦਿਆਲ ਸੀ। ਉਹ ਪਿੰਡ ਵਿਚ ਆਪ ਗਜ਼ਾ ਕਰਨ ਜਾਂਦਾ ਸੀ ਤੇ ਸ਼ਾਮ ਨੂੰ ਰੋਟੀ ਡੇਰੇ ਵਿਚ ਤਿਆਰ ਕਰਦਾ। ਉੱਤਮ ਸਿੰਘ ਤੇ ਈਸ਼ਰ ਸਿੰਘ ਦੋਵੇਂ ਬਾਬੇ ਦੇ ਕੰਮਾਂ ਵਿਚ ਹੱਥ ਵਟਾਉਂਦੇ। ਲੋਕ ਇਹੋ ਸਮਝਦੇ ਕਿ ਬਾਬਾ ਧਰਮ ਦਾਸ ਕੋਲ ਕੋਈ ਸਾਧੂ ਠਹਿਰੇ ਹੋਏ ਹਨ ਪਰ ਇਹ ਦੋਵੇਂ ਜਣੇ ਕਿਸੇ ਨਾਲ ਆਮ ਗੱਲਬਾਤ ਨਹੀਂ ਸਨ ਕਰਦੇ। ਉਹ ਤਾਂ ਇਸ ਗੱਲ ਬਾਰੇ ਹੀ ਸੋਚਦੇ ਕਿ ਪਾਰਟੀ ਨੂੰ ਕਿਵੇਂ ਮਜਬੂਤ ਕੀਤਾ ਜਾਵੇ ਤੇ ਫਿਰ ਅੰਗਰੇਜ਼ਾਂ ਵਿਰੁੱਧ ਕਿਵੇਂ ਮੋਰਚਾ ਲਾਇਆ ਜਾਵੇ।

## ਉੱਤਮ ਸਿੰਘ ਹਾਂਸ ਗ੍ਰਿਫ਼ਤਾਰ

ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਢੁੱਡੀਕੇ ਨੇ ਮਹਿਮਾ ਸਰਜਾ ਪਿੰਡ ਦੇ ਇਕ ਡੇਰੇ ਵਿਚ ਕਾਫੀ ਸਮਾਂ ਗੁਜ਼ਾਰ ਲਿਆ ਪਰ ਹੁਣ ਦੋਵੇਂ ਸਾਥੀ ਇਹ ਸੋਚਦੇ ਸਨ ਕਿ ਡੇਰੇ ਵਿਚ ਰਹਿ ਕੇ ਦਿਨ ਕੱਢਣੇ ਹੀ ਤਾਂ ਕੋਈ ਕੰਮ ਨਹੀਂ। ਉਨ੍ਹਾਂ ਦਾ ਮਿਸ਼ਨ ਤਾਂ ਹਾਲੇ ਪੂਰਾ ਨਹੀਂ ਹੋਇਆ। ਉਹ ਤਾਂ ਬੜਾ ਵੱਡਾ ਸੁਪਨਾ ਲੈ ਕੇ ਕੈਨੇਡਾ ਤੋਂ ਵਾਪਸ ਆਏ ਸਨ। ਗ਼ਦਰ ਪਾਰਟੀ ਦਾ ਇਕ ਸੁਨੇਹਾ ਲੈ ਕੇ ਤੁਰੇ ਸਨ। ਦੇਸ਼ ਨੂੰ ਅੰਗਰੇਜ਼ਾਂ ਦੇ ਮੱਕੜਜਾਲ ਤੋਂ ਮੁਕਤ ਕਰਵਾਉਣਾ ਚਾਹੁੰਦੇ ਸਨ। ਕੈਨੇਡਾ ਵਿਚ ਵਧੀਆ ਕਮਾਈ ਹੁੰਦੀ ਸੀ। ਸਾਰਾ ਕੁਝ ਛੱਡ ਦਿੱਤਾ, ਵਤਨ ਆ ਕੇ ਘਰ ਬਾਰ ਛੱਡ ਦਿੱਤਾ। ਸਿਰਫ ਦੋ ਵੇਲੇ ਰੋਟੀ ਖਾ ਕੇ ਸੌਂ ਜਾਣਾ ਹੀ ਸਾਡਾ ਧਰਮ ਨਹੀਂ। ਸਾਨੂੰ ਸਾਧੂ ਬਾਬੇ ਨੇ ਆਸਰਾ ਦਿੱਤਾ ਹੈ। ਸਾਡਾ ਮਿਸ਼ਨ ਅਧੂਰਾ ਹੈ। ਸਾਨੂੰ ਮੁੜ ਤੋਂ ਪਾਰਟੀ ਨੂੰ ਜਥੇਬੰਦ ਕਰਨਾ ਹੀ ਹੋਵੇਗਾ। ਹਥਿਆਰ ਪ੍ਰਾਪਤ ਕਰਨੇ ਹੀ ਪੈਣਗੇ। ਭਾਰਤ ਮਾਤਾ ਦੇ ਪੈਰੀਂ ਪਈਆਂ ਬੇੜੀਆਂ ਨੂੰ ਕੱਟਣ ਲਈ ਅਸੀਂ ਸਹੁੰ ਖਾਧੀ ਸੀ। ਇਹ ਕੰਮ ਸਾਨੂੰ ਕਰਨਾ ਹੀ ਪਏਗਾ।

ਉੱਤਮ ਸਿੰਘ ਤੇ ਈਸ਼ਰ ਸਿੰਘ ਹਰ ਰੋਜ਼ ਆਪਸ ਵਿਚ ਵਿਚਾਰਾਂ ਕਰਦੇ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਜਾਂਦੀ। ਇਸ ਪਾਸੇ ਵੱਲ ਗ਼ਦਰ ਪਾਰਟੀ ਦਾ ਕੋਈ ਅਧਾਰ ਨਹੀਂ ਸੀ। ਜੇਕਰ ਉਹ ਆਪਣੇ ਪਿੰਡਾਂ ਵੱਲ ਮੂੰਹ ਕਰਦੇ ਹਨ ਤਾਂ ਪੁਲੀਸ ਦਾ ਡਰ ਹੈ। ਉਧਰ ਪੁਲੀਸ ਪਿੰਡਾਂ ਵਿਚ ਹਰਲ ਹਰਲ ਕਰਦੀ ਫਿਰਦੀ ਹੈ। ਵੱਲਾ ਪੁਲ ਦੇ ਸਾਕੇ ਨੇ ਅੰਗਰੇਜ਼ੀ ਸਰਕਾਰ ਨੂੰ ਇਕ ਝਟਕਾ ਦੇ ਦਿੱਤਾ ਸੀ। ਗ਼ਦਰ ਪਾਰਟੀ ਦੇ ਵੱਡੇ ਆਗੂ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ ਸਨ। ਮਾਲਵਾ, ਦੁਆਬਾ ਤੇ ਮਾਝਾ ਇਲਾਕੇ ਦੇ ਗ਼ਦਰੀਆਂ ਨਾਲ ਇਨ੍ਹਾਂ ਦੋਹਾਂ ਸਾਥੀਆਂ ਦਾ ਸੰਪਰਕ ਟੁੱਟ ਚੁੱਕਾ ਸੀ ਜਿਸ ਕਰਕੇ ਇਹ ਸਾਧੂ ਬਾਬੇ ਦੇ ਡੇਰੇ ਵਿਚ ਰਹਿਣ ਲਈ ਮਜਬੂਰ ਸਨ।

ਇਕ ਦਿਨ ਉੱਤਮ ਸਿੰਘ ਤੇ ਈਸ਼ਰ ਸਿੰਘ ਸ਼ਾਮ ਨੂੰ ਖੇਤਾਂ ਵਿਚ ਸੈਰ ਕਰ ਰਹੇ ਸਨ। ਪਿੰਡ ਦਾ ਇੱਕ ਬੰਦਾ ਖੇਤਾਂ ਵੱਲੋਂ ਆਪਣੇ ਘਰ ਨੂੰ ਆ ਰਿਹਾ ਸੀ। ਉਸ ਨੇ ਵੇਖਿਆ ਕਿ ਖੇਤਾਂ ਵਿਚ ਦੋ ਸਾਧੂ ਘੁੰਮ ਰਹੇ ਹਨ। ਪਿੰਡ ਦੇ ਲੋਕ ਆਮ ਹੀ ਇਨ੍ਹਾਂ ਨੂੰ ਖੇਤਾਂ ਵਿਚ ਸੈਰ ਕਰਦਿਆਂ ਨੂੰ ਵੇਖਿਆ ਕਰਦੇ ਸਨ। ਪਿੰਡ ਦਾ ਬੰਦਾ ਉੱਤਮ ਸਿੰਘ ਹੋਰਾਂ ਵੱਲ ਵੇਖ ਕੇ ਕਹਿਣ ਲੱਗਾ ਕਿ ਬਾਬਾ ਜੀ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਪਿੰਡ 'ਚੋਂ ਮੰਗਵਾ ਲਿਆ ਕਰੋ। ਉੱਤਮ ਸਿੰਘ ਹੋਰਾਂ ਦੇ ਭਗਵੇਂ ਕੱਪੜੇ ਪਹਿਨੇ ਹੋਏ ਸਨ ਤੇ ਉਹ

ਬੰਦਾ ਉੱਤਮ ਸਿੰਘ ਹੋਰਾਂ ਨੂੰ ਸਾਧ ਸਮਝ ਰਿਹਾ ਸੀ। ਉਸ ਭਾਈ ਦੀ ਗੱਲ ਸੁਣ ਕੇ ਉੱਤਮ ਸਿੰਘ ਇਕਦਮ ਕਹਿਣ ਲੱਗਾ ਕਿ ਮੰਗ ਕੇ ਖਾਣਾ ਖਾਲਸੇ ਦਾ ਧਰਮ ਨਹੀਂ। ਏਨੀ ਗੱਲ ਸੁਣ ਕੇ ਉਹ ਚੁੱਪ ਚਾਪ ਤੁਰ ਗਿਆ।

ਉੱਤਮ ਸਿੰਘ ਤੇ ਈਸ਼ਰ ਸਿੰਘ ਆਪਣੇ ਵੱਲੋਂ ਨਿਸਚਿੰਤ ਸਨ। ਉਨ੍ਹਾਂ ਨੂੰ ਕੋਈ ਪਤਾ ਨਾ ਲੱਗਾ ਕਿ ਉਹ ਬੰਦਾ ਬੜਾ ਕੁਝ ਸੋਚਦਾ ਲੰਘਿਆ ਸੀ। ਉਸ ਨੂੰ ਸਾਧਾਂ ਉੱਤੇ ਕੋਈ ਸ਼ੱਕ ਹੋ ਗਿਆ ਕਿ ਇਹ ਤਾਂ ਸਾਧਾਂ ਦੇ ਭੇਸ ਵਿਚ ਕੋਈ ਚੋਰ ਡਾਕੂ ਤੁਰੇ ਫਿਰਦੇ ਹਨ। ਇਹ ਸਾਧ ਬਿਲਕੁਲ ਨਹੀਂ। ਉੱਤਮ ਸਿੰਘ ਵੱਲੋਂ ਕਹੇ ਗਏ ਸ਼ਬਦਾਂ ਦਾ ਉਸਨੇ ਕੋਈ ਹੋਰ ਹੀ ਅਰਥ ਕੱਢ ਲਿਆ।

ਇਕ ਦਿਨ ਸ਼ਾਮ ਨੂੰ ਉੱਤਮ ਸਿੰਘ ਤੇ ਈਸ਼ਰ ਸਿੰਘ ਰੋਜ਼ ਵਾਂਗ ਡੇਰੇ ਤੋਂ ਆ ਕੇ ਬਾਹਰ ਖੇਤਾਂ ਵਿਚ ਘੁੰਮ ਰਹੇ ਸਨ। ਖੇਤਾਂ ਵਿਚ ਗੁਆਰੇ ਦੀਆਂ ਫਲੀਆਂ ਚਮਕ ਰਹੀਆਂ ਸਨ। ਉੱਤਮ ਸਿੰਘ ਗੁਆਰੇ ਦੀਆਂ ਫਲੀਆਂ ਤੋੜਨ ਲੱਗ ਪਿਆ ਕਿ ਅੱਜ ਫਲੀਆਂ ਦੀ ਸਬਜ਼ੀ ਬਣਾਵਾਂਗੇ। ਦੋਵੇਂ ਸਾਥੀ ਫਲੀਆਂ ਤੋੜਨ ਵਿਚ ਮਗਨ ਸਨ। ਅਚਾਨਕ ਉੱਤਮ ਸਿੰਘ ਨੇ ਪੁਲੀਸ ਆਉਂਦੀ ਵੇਖ ਲਈ। ਇਕਦਮ ਦੋਵੇਂ ਸਾਥੀ ਚੌਕੰਨੇ ਹੋ ਗਏ। ਹੈਰਾਨੀ ਇਹ ਸੀ ਕਿ ਪੁਲੀਸ ਘੇਰਾ ਪਾਉਣ ਦੇ ਮੰਤਵ ਨਾਲ ਕਈ ਪਾਸਿਆਂ ਤੋਂ ਅੱਗੇ ਵਧ ਰਹੀ ਸੀ। ਦੋਵੇਂ ਗ਼ਦਰੀ ਸੂਰਬੀਰ ਬਿਲਕੁਲ ਨਹੀਂ ਘਬਰਾਏ। ਇਕ ਇਹ ਵੀ ਅਜੀਬ ਗੱਲ ਹੋਈ ਕਿ ਅੱਜ ਉਨ੍ਹਾਂ ਦੇ ਹਥਿਆਰ ਬਾਬੇ ਦੇ ਡੇਰੇ ਵਿਚ ਹੀ ਪਏ ਸਨ। ਦੋਵੇਂ ਸਾਥੀ ਨਿਹੱਥੇ ਖਲੋਤੇ ਸਨ।

ਪੁਲੀਸ ਹੌਲੀ-ਹੌਲੀ ਅੱਗੇ ਵਧ ਰਹੀ ਸੀ। ਥਾਣੇਦਾਰ ਨੇੜੇ ਆ ਕੇ ਉੱਚੀ ਅਵਾਜ਼ ਵਿਚ ਬੋਲਿਆ ਕਿ ਹੱਥ ਉੱਪਰ ਕਰ ਲਓ। ਤੁਹਾਨੂੰ ਅਸੀਂ ਗ੍ਰਿਫ਼ਤਾਰ ਕਰਨ ਆਏ ਆਂ। ਪਰ ਦੋਵੇਂ ਸਾਥੀ ਟੱਸ ਤੋਂ ਮੱਸ ਨਾ ਹੋਏ। ਪੁਲੀਸ ਵਾਲਿਆਂ ਨੂੰ ਸ਼ੱਕ ਹੋ ਗਿਆ ਕਿ ਇਹ ਤਾਂ ਸੱਚੀਂ ਡਾਕੂ ਹਨ ਤੇ ਇਨ੍ਹਾਂ ਕੋਲ ਹਥਿਆਰ ਵੀ ਹੋਣਗੇ। ਥਾਣੇਦਾਰ ਫੇਰ ਉੱਚੀ ਬੋਲਿਆ ਕਿ ਤੁਸੀਂ ਚੁੱਪਚਾਪ ਹੱਥ ਉਪਰ ਕਰੋ। ਗ਼ਦਰੀ ਆਸੇ ਪਾਸੇ ਝਾਕਦੇ ਰਹੇ ਜਿਵੇਂ ਉਨ੍ਹਾਂ ਨੂੰ ਪੁਲੀਸ ਦਾ ਕੋਈ ਡਰ ਹੀ ਨਹੀਂ ਸੀ। ਵੇਖਦੇ-ਵੇਖਦੇ ਪਿੰਡ ਦੇ ਲੋਕ ਘਰਾਂ ਤੋਂ ਬਾਹਰ ਆ ਗਏ। ਬਜ਼ੁਰਗ, ਨੌਜਵਾਨ, ਮਾਈਆਂ ਤੇ ਬੱਚੇ ਵੱਡੀ ਗਿਣਤੀ ਵਿਚ ਆਸੇ ਪਾਸੇ ਵਿਖਾਈ ਦੇ ਰਹੇ ਸਨ।

ਉੱਤਮ ਸਿੰਘ ਤੇ ਈਸ਼ਰ ਸਿੰਘ ਝੱਟ ਸਮਝ ਗਏ ਕਿ ਕਿਸੇ ਨੇ ਪੁਲੀਸ ਕੋਲ ਜ਼ਰੂਰ ਕਿਸੇ ਕਿਸਮ ਦੀ ਕੋਈ ਸੂਚਨਾ ਦਿੱਤੀ ਹੋਵੇਗੀ। ਥਾਣੇਦਾਰ ਗ਼ਦਰੀਆਂ ਵੱਲ ਵਧ ਨਹੀਂ ਸੀ ਰਿਹਾ। ਉਹ ਜ਼ਰੂਰ ਸੋਚਦਾ ਸੀ ਕਿ ਕਿਹੋ ਜਿਹੇ ਨਿਧੜਕ ਬੰਦੇ ਹਨ। ਪੁਲੀਸ ਦਾ ਇਨ੍ਹਾਂ ਨੂੰ ਕੋਈ ਭੈਅ ਨਹੀਂ। ਇਨ੍ਹਾਂ ਕੋਲ ਖਤਰਨਾਕ ਹਥਿਆਰ ਹੋਣਗੇ, ਥਾਣੇਦਾਰ ਫੇਰ ਉੱਚੀ ਅਵਾਜ਼ ਵਿਚ ਕਹਿਣ ਲੱਗਾ ਕਿ ਤੁਸੀਂ ਡਾਕੂ ਹੋ। ਮੈਂ ਤੁਹਾਨੂੰ ਕਿਸੇ ਕੀਮਤ ਉੱਤੇ ਨਹੀਂ ਛੱਡਾਂਗਾ। ਆਪਣੇ ਹੱਥ ਖੜ੍ਹੇ ਕਰੋ।

ਥਾਣੇਦਾਰ ਦੀ ਗੱਲ ਸੁਣ ਕੇ ਉੱਤਮ ਸਿੰਘ ਕਹਿਣ ਲੱਗਾ ਕਿ ਅਸੀਂ ਤੇਰੇ

ਸਾਹਮਣੇ ਆਪਣੇ ਹੱਥ ਖੜ੍ਹੇ ਨਹੀਂ ਕਰਾਂਗੇ। ਨਾ ਹੀ ਅਸੀਂ ਤੇਰੇ ਕੋਲੋਂ ਡਰਦੇ ਹਾਂ। ਤੂੰ ਸਾਨੂੰ ਡਾਕੂ ਆਖ ਰਿਹੈਂ। ਡਾਕੂ ਤੇ ਲੁਟੇਰੇ ਤੁਸੀਂ ਹੋ। ਤੁਹਾਡੀ ਸਰਕਾਰ ਲੁਟੇਰਿਆਂ ਦੀ ਸਰਕਾਰ ਹੈ। ਅੰਗਰੇਜ਼ ਸਾਡੇ ਵੱਡੇ ਦੁਸ਼ਮਣ। ਇਨ੍ਹਾਂ ਨੇ ਸਾਡੇ ਦੇਸ਼ ਦਾ ਸਭ ਕੁਝ ਲੁੱਟ ਲਿਆ। ਆਪਣਾ ਦੇਸ਼ ਮਾਲਾਮਾਲ ਕਰ ਲਿਆ। ਮੇਰੇ ਦੇਸ਼ ਦੇ ਲੋਕ ਕੰਗਾਲ ਹੋ ਗਏ। ਇਨ੍ਹਾਂ ਨੂੰ ਕੋਈ ਸਹੂਲਤ ਨਹੀਂ। ਇਨ੍ਹਾਂ ਦੀ ਕੋਈ ਸੁਣਵਾਈ ਵੀ ਨਹੀਂ ਹੁੰਦੀ। ਅਸੀਂ ਗ਼ਦਰੀ ਹਾਂ। ਗ਼ਦਰ ਪਾਰਟੀ ਦੇ ਮੈਂਬਰ। ਅਸੀਂ ਅੰਗਰੇਜ਼ਾਂ ਨੂੰ ਹਰ ਹੀਲੇ ਆਪਣੇ ਦੇਸ਼ 'ਚੋਂ ਕੱਢ ਕੇ ਦਮ ਲਵਾਂਗੇ। ਸਾਡੀ ਜੰਗ ਜਾਰੀ ਹੈ। ਅਸੀਂ ਆਪਣੇ ਹਥਿਆਰਾਂ ਨਾਲ ਲੜਾਂਗੇ।

ਥਾਣੇਦਾਰ ਦੇ ਹੋਸ਼ ਉਡ ਗਏ। ਉੱਤਮ ਸਿੰਘ ਦੀਆਂ ਗੱਲਾਂ ਸੁਣ ਕੇ ਉਹ ਹੈਰਾਨ ਰਹਿ ਗਿਆ। ਜਿਨ੍ਹਾਂ ਨੂੰ ਉਹ ਡਾਕੂ ਸਮਝ ਰਿਹਾ ਸੀ ਉਹ ਤਾਂ ਦੇਸ਼ ਦੇ ਸੱਚੇ ਸੁੱਚੇ ਦੇਸ਼ ਭਗਤ ਨਿਕਲੇ। ਇਨ੍ਹਾਂ ਨੂੰ ਹੁਣ ਉਹ ਛੱਡ ਵੀ ਨਹੀਂ ਸਕਦਾ। ਆਸੇ ਪਾਸੇ ਪਿੰਡ ਦੇ ਲੋਕ ਖਲੋਤੇ ਹਨ। ਕਿੰਨਾ ਹੀ ਚਿਰ ਥਾਣੇਦਾਰ ਗ਼ਦਰੀਆਂ ਵੱਲ ਵੇਖਦਾ ਰਹਿ ਗਿਆ। ਥਾਣੇਦਾਰ ਹੁਣ ਨਰਮ ਹੋ ਗਿਆ। ਈਸ਼ਰ ਸਿੰਘ ਉੱਚੀ ਅਵਾਜ਼ ਵਿਚ ਕਹਿਣ ਲੱਗਾ ਕਿ

ਜਿਸ ਨੂੰ ਤੁਸੀਂ ਸਰਕਾਰ ਕਹਿੰਦੇ
ਬਾਝੋਂ ਲੁੱਟਦੇ ਏਸ ਦੀਕਾਰ ਨਾਹੀਂ
ਦੀਵਾ ਦਿਨੇ ਹੀ ਬਾਲ਼ ਕੇ ਲੁਟਦੀ ਹੈ,
ਹੁੰਦੇ ਹਿੰਦ ਵਾਸੀ ਖ਼ਬਰਦਾਰ ਨਾਹੀਂ।

ਖੇਤਾਂ ਵਿਚ ਅਜੀਬ ਮਾਹੌਲ ਬਣ ਗਿਆ। ਥਾਣੇਦਾਰ ਨੇ ਦੋਵੇਂ ਹੱਥ ਜੋੜ ਕੇ ਉਹ ਉੱਤਮ ਸਿੰਘ ਸਿੰਘ ਹੋਰਾਂ ਵੱਲ ਵਧਿਆ। ਸਿਪਾਹੀ ਤੇ ਪਿੰਡ ਵਾਲੇ ਇੱਕ ਅਜੀਬ ਵਰਤਾਰਾ ਵੇਖ ਰਹੇ ਸਨ। ਥਾਣੇਦਾਰ ਬੜੇ ਨਰਮ ਲਹਿਜੇ ਵਿਚ ਕਹਿਣ ਲੱਗਾ ਕਿ ਮੈਂ ਤਾਂ ਤੁਹਾਨੂੰ ਚੋਰ ਡਾਕੂ ਹੀ ਸਮਝ ਰਿਹਾ ਸੀ ਪਰ ਤੁਸੀਂ ਤਾਂ ਸਾਧੂਆਂ ਦੇ ਭੇਸ ਵਿਚ ਅਜੀਬ ਬੰਦੇ ਨਿਕਲੇ। ਥਾਣੇਦਾਰ ਦੀਆਂ ਗੱਲਾਂ ਨਾਲ ਸਾਰਾ ਮਾਹੌਲ ਬਦਲ ਗਿਆ। ਥਾਣੇਦਾਰ ਫੇਰ ਕਹਿਣ ਲੱਗਾ ਕਿ ਜੇ ਮੈਨੂੰ ਪਤਾ ਹੁੰਦਾ ਕਿ ਤੁਸੀਂ ਤਾਂ ਦੇਸ਼ ਭਗਤ ਹੋ ਜਿਹੜੇ ਦੇਸ਼ ਦੀ ਅਜ਼ਾਦੀ ਲਈ ਕੰਮ ਕਰ ਰਹੇ ਹੋ। ਆਪਣੇ ਘਰ ਬਾਰ ਛੱਡੀ ਫਿਰਦੇ ਹੋ ਤੇ ਮੈਂ ਏਥੇ ਬਿਲਕੁਲ ਨਾ ਆਉਂਦਾ। ਹੁਣ ਮੇਰੇ ਵੱਸ ਦੀ ਗੱਲ ਨਹੀਂ। ਹੁਣ ਮੈਂ ਤੁਹਾਨੂੰ ਹਰ ਹਾਲਤ ਵਿਚ ਗ੍ਰਿਫ਼ਤਾਰ ਕਰਾਂਗਾ।

ਥਾਣੇਦਾਰ ਦੀਆਂ ਗੱਲਾਂ ਸੁਣ ਕੇ ਪਿੰਡ ਦੇ ਲੋਕ ਭਾਵਕ ਹੋ ਗਏ। ਭੀੜ ਵਿੱਚੋਂ ਔਰਤਾਂ ਦੇ ਰੋਣ ਦੀਆਂ ਅਵਾਜ਼ਾਂ ਆਉਣ ਲੱਗੀਆਂ। ਲੋਕ ਭੱਜ ਕੇ ਸਾਧਾਂ ਦੇ ਦੁਆਲੇ ਹੋ ਗਏ। ਔਰਤਾਂ ਕਹਿ ਰਹੀਆਂ ਸਨ ਕਿ ਜੇ ਇਨ੍ਹਾਂ ਸਾਧੂਆਂ ਨੂੰ ਗ੍ਰਿਫਤਾਰ ਕਰ ਲਿਆ ਤਾਂ ਇਹ ਬਹੁਤ ਮਾੜੀ ਗੱਲ ਹੋਵੇਗੀ। ਪਿੰਡ ਨੂੰ ਸਰਾਪ ਲੱਗ ਜਾਵੇਗਾ ਕਿ ਦੋ ਸਾਧੂ ਏਥੋਂ ਪੁਲੀਸ ਫੜ ਕੇ ਲੈ ਗਈ। ਈਸ਼ਰ ਸਿੰਘ ਇਸ ਵੇਲੇ ਫਿਰ ਉੱਚੀ-ਉੱਚੀ ਬੋਲਣ ਲੱਗਾ-

ਸੁੱਤੇ ਪਏ ਕਾਸ ਨੂੰ ਉਘੇੜੋ ਅੱਖ ਨੂੰ।
ਗੋਰਿਆਂ ਨੇ ਚੂਸ ਲਿਆ ਸਾਡੀ ਰੱਤ ਨੂੰ।

ਗੋਰਿਆਂ ਨੂੰ ਖਾਣਾ ਅਸੀਂ ਪਾੜ ਪਾੜ ਜੀ।
ਧਾਰ ਲਓ ਇਰਾਦਾ ਝੰਡਾ ਦੇਣਾ ਚਾੜ੍ਹ ਜੀ।

ਭਗਵੇਂ ਕੱਪੜਿਆਂ ਵਿਚ ਗ਼ਦਰ ਪਾਰਟੀ ਦੇ ਬੱਬਰ ਸ਼ੇਰ ਨਿਹੱਥੇ ਖਲੋਤੇ ਸਨ ਪਰ ਉਹ ਬੜੀ ਚੜ੍ਹਦੀ ਕਲਾ ਵਿਚ ਵਿਖਾਈ ਦੇ ਰਹੇ ਸਨ। ਕਿਸੇ ਦੇ ਚਿਹਰੇ ਉਤੇ ਜਰਾ ਵੀ ਉਦਾਸੀ ਨਹੀਂ ਸੀ। ਫਿਰ ਥਾਣੇਦਾਰ ਕਹਿਣ ਲੱਗਾ ਕਿ ਤੁਹਾਡੇ ਕੋਲ ਹਥਿਆਰ ਵੀ ਹਨ ਤਾਂ ਉੱਤਮ ਸਿੰਘ ਕਹਿਣ ਲੱਗਾ ਕਿ ਸਾਡੇ ਹਥਿਆਰ ਬਾਬੇ ਦੀ ਕੁਟੀਆ ਵਿਚ ਪਏ ਹਨ ਉਹ ਕੇਵਲ ਸਾਨੂੰ ਹੀ ਪਤਾ ਹੈ। ਇਸ ਤੋਂ ਬਾਅਦ ਥਾਣੇਦਾਰ ਨੇ ਦੋਹਾਂ ਸੂਰਬੀਰਾਂ ਨੂੰ ਗ੍ਰਿਫਤਾਰ ਕਰ ਲਿਆ।

# ਉੱਤਮ ਸਿੰਘ ਹਾਂਸ ਲਾਹੌਰ ਜੇਲ੍ਹ ਵਿਚ

ਉੱਤਮ ਸਿੰਘ ਹਾਂਸ ਤੇ ਈਸ਼ਰ ਸਿੰਘ ਢੁੱਡੀਕੇ ਨੂੰ ਫਰੀਦਕੋਟ ਰਿਆਸਤ ਦੇ ਪਿੰਡ ਮਹਿਮਾ ਸਰਜਾ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ। ਇਸ ਵੇਲੇ ਅੰਗਰੇਜ਼ੀ ਸਰਕਾਰ ਨੇ ਆਪਣੇ ਝੋਲੀ ਚੁੱਕਾਂ ਦੀ ਸਹਾਇਤਾ ਨਾਲ ਸਾਰੇ ਦੇਸ਼ ਵਿਚ ਇਨਕਲਾਬੀ ਦੇਸ਼ ਭਗਤਾਂ ਨੂੰ ਵੱਡੀ ਗਿਣਤੀ ਵਿਚ ਗ੍ਰਿਫਤਾਰ ਕਰ ਲਿਆ ਸੀ। ਪੰਜਾਬ ਭਰ ਵਿਚੋਂ ਬਹੁਤ ਸਾਰੇ ਗ਼ਦਰੀ ਫੜ ਕੇ ਜੇਲ੍ਹਾਂ ਵਿਚ ਡੱਕ ਦਿੱਤੇ ਸਨ। ਗ਼ਦਰ ਪਾਰਟੀ ਉੱਤੇ ਸਰਕਾਰ ਕਰੜੀ ਨਿਗ੍ਹਾ ਰੱਖ ਰਹੀ ਸੀ। ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਦੀ ਗ੍ਰਿਫਤਾਰੀ ਤੋਂ ਬਾਅਦ ਤਾਂ ਸਰਕਾਰ ਗ਼ਦਰੀਆਂ ਦੇਪਿੱਛੇ ਹੱਥ ਧੋ ਕੇ ਪੈ ਗਈ ਸੀ। ਲਾਹੌਰ ਦੀ ਸੈਂਟਰਲ ਜੇਲ੍ਹ ਗ਼ਦਰੀਆਂ ਨਾਲ ਭਰ ਗਈ ਸੀ।

ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਨੇ ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਬਗਾਵਤ ਨੂੰ ਦਬਾਉਣ ਲਈ ਬ੍ਰਿਟਿਸ਼ ਪਾਰਲੀਮੈਂਟ ਤੋਂ ਇਕ ਨੋਟੀਫਿਕੇਸ਼ਨ ਜਾਰੀ ਕਰਵਾਇਆ ਤੇ ਡੀਫੈਂਸ ਆਫ਼ ਇੰਡੀਆ ਐਕਟ ਅਧੀਨ ਇਕ ਟ੍ਰਿਬਿਊਨਲ ਬਣਾ ਦਿੱਤਾ। ਟ੍ਰਿਬਿਊਨਲ ਵਿਚ ਇਕ ਚੀਫ਼ ਏ.ਏ. ਇਰਵਿਨ, ਵੀ.ਪੀ. ਐਲਸ ਅਤੇ ਲਿਉ ਨਰਾਇਣ ਸਪੈਸ਼ਲ ਕਮਿਸ਼ਨਰ ਲਏ ਗਏ। ਇਹ ਕੇਸ ਬਾਦਸ਼ਾਹ ਬਨਾਮ ਅਨੰਦ ਕਿਸ਼ੋਰ ਤੇ ਹੋਰ ਸਿਰਲੇਖ ਅਧੀਨ ਦਰਜ ਕੀਤਾ ਗਿਆ। ਇਹ ਮੁਕੱਦਮਾ ਸੈਂਟਰਲ ਜੇਲ੍ਹ ਲਾਹੌਰ ਵਿਚ 26 ਅਪ੍ਰੈਲ 1915 ਨੂੰ ਸ਼ੁਰੂ ਹੋਇਆ। ਇਸ ਕੇਸ ਵਿਚ 82 ਦੋਸ਼ੀ ਨਾਮਜਦ ਕੀਤੇ ਗਏ। ਟ੍ਰਿਬਿਊਨਲ ਨੂੰ ਫੈਸਲੇ ਕਰਨ ਦੇ ਪੂਰੇ ਅਧਿਕਾਰ ਸਨ। ਇਨ੍ਹਾਂ ਫੈਸਲਿਆਂ ਵਿਰੁੱਧ ਕੋਈ ਵਕੀਲ ਤੇ ਨਾ ਹੀ ਕੋਈ ਦਲੀਲ ਹੋ ਸਕਦੀ ਸੀ। ਸਿਰਫ਼ ਰਹਿਮ ਦੀ ਅਪੀਲ ਹੋ ਸਕਦੀ ਸੀ। ਇਹ ਵੀ ਵੱਡਾ ਸੱਚ ਸੀ ਕਿ ਅੰਗਰੇਜ਼ ਇਨਕਲਾਬੀਆਂ ਦੀ ਰਹਿਮ ਦੀ ਅਪੀਲ ਕਿਸ ਵਾਸਤੇ ਸੁਣਨਗੇ। ਇਸ ਗੱਲ ਦਾ ਡੂੰਘਾ ਅਹਿਸਾਸ ਸੀ ਜੇਲ੍ਹ ਵਿਚ ਬੰਦ ਗ਼ਦਰੀਆਂ ਨੂੰ।

ਜੇਲ੍ਹ ਵਿਚ ਗ਼ਦਰੀਆਂ ਉੱਤੇ ਬਹੁਤ ਸਖ਼ਤੀ ਕੀਤੀ ਜਾਂਦੀ ਸੀ ਪਰ ਗਦਰੀ ਖਵਰੇ ਕਿਸ ਮਿੱਟੀ ਦੇ ਬਣੇ ਹੋਏ ਸਨ। ਉਹ ਜੇਲ੍ਹ ਵਿਚ ਕਿਸੇ ਸਖ਼ਤੀ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਇਕ ਦਿਨ ਉੱਤਮ ਸਿੰਘ ਹਾਂਸ ਦੀ ਮਾਤਾ ਤੇ ਭਰਜਾਈ ਅਤਰ ਕੌਰ ਉਸ ਦੀ ਮੁਲਾਕਾਤ ਵਾਸਤੇ ਲਾਹੌਰ ਆ ਗਈਆਂ।

ਮੁਲਾਕਾਤ ਕਰਨ ਸਮੇਂ ਮਾਤਾ ਤੇ ਭਰਜਾਈ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਮਾਂ ਕਿਵੇਂ ਸਹਿਣ ਕਰ ਸਕਦੀ ਹੈ ਕਿ ਉਸ ਦੇ ਦਿਲ ਦਾ ਟੁਕੜਾ ਜੇਲ੍ਹ ਵਿਚ ਬੈਠਾ ਹੋਵੇ। ਉਸ ਨੂੰ ਦੋ ਵੇਲੇ ਰੋਟੀ ਨਹੀਂ ਚੰਗੀ ਲੱਗਦੀ। ਜੇਲ੍ਹ ਵਿਚ ਬੈਠੇ ਉੱਤਮ ਸਿੰਘ ਹਾਂਸ ਨੂੰ ਇਹ ਅਹਿਸਾਸ ਸੀ ਕਿ ਅੰਗਰੇਜ਼ ਹਕੂਮਤ ਉਨ੍ਹਾਂ ਨੂੰ ਬਿਲਕੁਲ ਨਹੀਂ ਛੱਡੇਗੀ। ਇਸ ਗੱਲ ਦੇ ਬਾਵਜੂਦ ਉੱਤਮ ਸਿੰਘ ਚੜ੍ਹਦੀ ਕਲਾ ਵਿਚ ਸੀ। ਉਸ ਨੇ ਮਾਂ ਤੇ ਭਰਜਾਈ ਦਾ ਦਿਲ ਧਰਾਇਆ ਕਿ ਇਸ ਜਨਮ ਵਿਚ ਮੈਂ ਤੁਹਾਡੀ ਕੋਈ ਸੇਵਾ ਨਹੀਂ ਕਰ ਸਕਿਆ। ਅਗਲੇ ਜਨਮ ਵਿਚ ਤੁਹਾਡੀ ਸੇਵਾ ਜ਼ਰੂਰ ਕਰਾਂਗਾ ਪਰ ਤੁਸੀਂ ਦਿਲ ਨਹੀਂ ਛੱਡਣਾ।

ਉੱਤਮ ਸਿੰਘ ਸ਼ੁਰੂ ਤੋਂ ਹੀ ਗੁਰਬਾਣੀ ਦੇ ਲੜ ਲੱਗ ਚੁੱਕਾ ਸੀ। ਉਹ ਦੋ ਵੇਲੇ ਗੁਰਬਾਣੀ ਦਾ ਪਾਠ ਕਰਦਾ। ਗੁਰਬਾਣੀ ਵਿਚ ਉਸ ਦਾ ਅਟੁੱਟ ਵਿਸ਼ਵਾਸ ਸੀ। ਜੇਲ੍ਹ ਜਾਣ ਸਮੇਂ ਉਸ ਕੋਲ ਪੰਜ ਗੰ੍ਥੀ ਤੇ ਇਕ ਰਹਿਲ ਸੀ ਜਿਸ ਨੂੰ ਉਹ ਹਮੇਸ਼ਾ ਅਦਬ ਨਾਲ ਸੰਭਾਲ ਕੇ ਰੱਖਦਾ। ਜੇਲ੍ਹ ਵਿਚ ਬੰਦ ਸਾਰੇ ਗ਼ਦਰੀ ਦਿਨ ਵਿਚ ਇਕ ਵਾਰ ਤਾਂ ਜ਼ਰੂਰ ਮਿਲ ਪੈਂਦੇ। ਦੇਸ਼ ਦੀ ਅਜ਼ਾਦੀ ਦੀਆਂ ਗੱਲਾਂ ਚੱਲਦੀਆਂ। ਗ਼ਦਰ ਪਾਰਟੀ ਦੇ ਪ੍ਰੋਗਰਾਮ ਦੀਆਂ ਗੱਲਾਂ ਚੱਲਦੀਆਂ। ਦੇਸ਼ ਨਾਲ ਗਦਾਰੀ ਕਰਨ ਵਾਲੇ ਗਦਾਰਾਂ ਦੀਆਂ ਗੱਲਾਂ ਵੀ ਹੁੰਦੀਆਂ। ਭਲਾ ਇਹ ਲੋਕ ਜੇਕਰ ਗ਼ਦਰੀਆਂ ਦਾ ਸਾਥ ਦੇ ਦਿੰਦੇ ਤਾਂ 19 ਫਰਵਰੀ 1915 ਨੂੰ ਦੇਸ਼ ਅਜ਼ਾਦ ਹੋ ਜਾਣਾ ਸੀ। ਸਾਰੇ ਦੇਸ਼ ਵਿਚ ਗ਼ਦਰ ਪਾਰਟੀ ਦਾ ਝੰਡਾ ਝੂਲ ਜਾਣਾ ਸੀ। ਦੇਸ਼ ਦੇ ਗਦਾਰਾਂ ਨੇ ਸਾਰੀ ਖੇਡ ਹੀ ਖਰਾਬ ਕਰ ਦਿੱਤੀ। ਗ਼ਦਰੀ ਵਿਚਾਰ-ਵਟਾਂਦਰਾ ਵੀ ਕਰਦੇ ਤੇ ਨਾਲ ਹੀ ਇਹ ਵੀ ਸੋਚਦੇ ਕਿ ਜੇਕਰ ਜੇਲ੍ਹ ਤੋਂ ਬਾਹਰ ਜਾਣ ਦਾ ਸਬੱਬ ਬਣ ਗਿਆ ਤਾਂ ਉਹ ਗ਼ਦਰ ਪਾਰਟੀ ਨੂੰ ਫਿਰ ਤੋਂ ਮਜਬੂਤ ਕਰਨਗੇ। ਇਸੇ ਕਾਰਨ ਸਾਰੇ ਗ਼ਦਰੀ ਬੜੇ ਉਤਸ਼ਾਹ ਵਿਚ ਵਿਚਰ ਰਹੇ ਸਨ।

ਇਕ ਦਿਨ ਉੱਤਮ ਸਿੰਘ ਜੇਲ੍ਹ ਵਿਚ ਇਸ਼ਨਾਨ ਕਰ ਰਿਹਾ ਸੀ। ਲਾਗੇ ਇਕ ਪੁਲੀਸ ਅਫ਼ਸਰ ਘੁੰਮ ਰਿਹਾ ਸੀ। ਪੁਲੀਸ ਅਫ਼ਸਰ ਦਾ ਪੁੱਤਰ ਵੀ ਇਧਰ ਆ ਨਿਕਲਿਆ। ਉਸ ਬੱਚੇ ਵੱਲ ਵੇਖ ਕੇ ਉੱਤਮ ਸਿੰਘ ਹਾਂਸ ਕਹਿਣ ਲੱਗਾ ਕਿ ਬੱਚੇ ਤੂੰ ਗੁਲਾਮੀ ਚਾਹੁੰਦਾ ਹੈਂ ਕਿ ਅਜ਼ਾਦੀ। ਬੱਚਾ ਝੱਟ ਬੋਲ ਉਠਿਆ ਕਿ ਅਜ਼ਾਦੀ। ਉੱਤਮ ਸਿੰਘ ਖੁਸ਼ ਹੋ ਕੇ ਉਸ ਪੁਲੀਸ ਅਫ਼ਸਰ ਵੱਲ ਵੇਖ ਕੇ ਕਹਿਣ ਲੱਗਾ ਕਿ ਮੀਆਂ ਇਹ ਬੱਚਾ ਤਾਂ ਤੇਰੇ ਨਾਲੋਂ ਚੰਗਾ ਹੈ ਜਿਹੜਾ ਅਜ਼ਾਦੀ ਦੀ ਗੱਲ ਕਰ ਰਿਹੈ। ਤੂੰ ਮੇਰੀ ਨਹੀਂ ਮੰਨਣੀ ਤਾਂ ਇਸ ਬੱਚੇ ਦੀ ਹੀ ਗੱਲ ਮੰਨ ਲੈ। ਉੱਤਮ ਸਿੰਘ ਦੀ ਗੱਲ ਸੁਣ ਕੇ ਪੁਲੀਸ ਅਫਸਰ ਸ਼ਰਮਿੰਦਾ ਹੋ ਗਿਆ।

ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਫੈਸਲਾ 13 ਸਤੰਬਰ 1915 ਨੂੰ ਸੁਣਾ ਦਿੱਤਾ ਗਿਆ। ਇਸ ਕੇਸ ਵਿਚ ਸ਼ਾਮਲ 82 ਦੋਸ਼ੀਆਂ ਵਿੱਚੋਂ 65 ਹਾਜ਼ਰ ਹੋਏ। ਇਨ੍ਹਾਂ ਵਿੱਚੋਂ 24 ਨੂੰ ਫਾਂਸੀ ਦੀ ਸਜ਼ਾ, 27 ਨੂੰ ਉਮਰ ਕੈਦ, 6 ਨੂੰ ਘੱਟ ਸਜ਼ਾਵਾਂ, 4 ਬਰੀ ਅਤੇ 2 ਛੱਡ ਦਿੱਤੇ ਗਏ। ਦਸ ਵਾਅਦਾ ਮੁਆਫ਼ ਗਵਾਹ ਬਣ ਗਏ। ਪੜਤਾਲ ਉਪਰੰਤ ਵਾਇਸ ਰਾਏ ਲਾਰਡ ਹਾਰਡਿੰਗ ਨੇ 24 ਵਿੱਚੋਂ 17 ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ।

ਇਸ ਕੇਸ ਵਿਚ 16 ਨਵੰਬਰ 1915 ਨੂੰ ਫਾਂਸੀ ਲੱਗਣ ਵਾਲੇ 7 ਗਦਰੀ ਸਨ ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟੀ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ ਤੇ ਸੁਰੈਣ ਸਿੰਘ ਛੋਟਾ ਸ਼ਾਮ ਸਨ। 17 ਗ਼ਦਰੀਆਂ ਨੂੰ ਉਮਰ ਕੈਦ ਭੁਗਤਣ ਲਈ ਕਾਲੇਪਾਣੀ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਉੱਤਮ ਸਿੰਘ ਹਾਂਸ ਹੋਰਾਂ ਦਾ ਕੇਸ ਵੀ ਪਹਿਲੇ ਵਿਸ਼ੇਸ਼ ਟ੍ਰਿਬਿਊਨਲ ਨੇ 'ਬਾਦਸ਼ਾਹ ਬਨਾਮ ਅਮਰ ਸਿੰਘ' ਦੇ ਸਿਰਲੇਖ ਹੇਠ ਦਰਜ ਕੀਤਾ ਤੇ ਇਹ ਕੇਸ ਵੀ ਸੈਂਟਰਲ ਜੇਲ੍ਹ ਲਾਹੌਰ ਵਿਚ 29 ਅਕਤੂਬਰ 1915 ਨੂੰ ਸ਼ੁਰੂ ਹੋਇਆ। ਉੱਤਮ ਸਿੰਘ ਤੇ ਸਾਥੀਆਂ ਦਾ ਵਿਚਾਰ ਸੀ ਕਿ ਅੰਗਰੇਜ਼ੀ ਸਰਕਾਰ ਸਾਨੂੰ ਵੀ ਬਿਲਕੁਲ ਨਹੀਂ ਬਖਸ਼ੇਗੀ ਪਰ ਉਨ੍ਹਾਂ ਨੂੰ ਕਿਸੇ ਗੱਲ ਦੀ ਜਰਾ ਵੀ ਪ੍ਰਵਾਹ ਨਹੀਂ ਸੀ। ਉੱਤਮ ਸਿੰਘ ਹਾਂਸ ਤਾਂ ਦੋ ਵੇਲੇ ਨਿੱਤ ਨੇਮ ਕਰਦਾ। ਸਾਰਾ ਦਿਨ ਖੁਸ਼ ਰਹਿੰਦਾ ਤੇ ਦੇਸ਼ ਦੀ ਅਜ਼ਾਦੀ ਬਾਰੇ ਨਵੀਆਂ ਸੋਚਾਂ ਸੋਚਦਾ। ਇਕ ਦਿਨ ਉੱਤਮ ਸਿੰਘ ਨੂੰ ਇਕ ਵਕੀਲ ਨੇ ਕਿਹਾ ਕਿ ਹੋ ਸਕਦੈ ਤੁਹਾਨੂੰ ਉਮਰ ਕੈਦ ਦੀ ਸਜ਼ਾ ਹੋਵੇ ਪਰ ਉੱਤਮ ਸਿੰਘ ਝੱਟ ਕਹਿਣ ਲੱਗਾ ਕਿ ਮੈਨੂੰ ਉਮਰ ਕੈਦ ਮਨਜ਼ੂਰ ਨਹੀਂ। ਮੈਂ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਰੁਲ ਕੇ ਨਹੀਂ ਮਰਨਾ। ਮੈਨੂੰ ਤਾਂ ਫਾਂਸੀ ਦੀ ਸਜ਼ਾ ਮਿਲੇ ਤੇ ਮੈਂ ਅਗਲੇ ਜਨਮ ਵਿਚ ਫਿਰ ਆਪਣੇ ਪਿਆਰੇ ਦੇਸ਼ ਦੀ ਸੇਵਾ ਕਰਾਂ।

ਉੱਤਮ ਸਿੰਘ ਹਾਂਸ ਜੁੱਸੇ ਦਾ ਬੜਾ ਤਕੜਾ ਸੀ। ਉਸ ਦੀ ਅਵਾਜ਼ ਵੀ ਭਾਰੀ ਸੀ। ਜਦੋਂ ਵੀ ਗੱਲ ਕਰਦਾ ਤਾਂ ਉੱਚੀ ਅਵਾਜ਼ ਵਿਚ ਗੱਲ ਕਰਦਾ ਪਰ ਦਿਲ ਦਾ ਨਰਮ ਸੀ। ਇਕ ਦਿਨ ਜੇਲ੍ਹ ਅੰਦਰ ਅਦਾਲਤ ਲੱਗੀ ਹੋਈ ਸੀ। ਕੇਸ ਦੀ ਸੁਣਵਾਈ ਚੱਲ ਰਹੀ ਸੀ। ਇਕ ਮਾੜਚੂ ਜਿਹਾ ਘੁਮਿਆਰ ਜਿਸ ਨੇ ਬੜੇ ਮੈਲੇ ਕੱਪੜੇ ਪਹਿਨੇ ਸਨ, ਉੱਤਮ ਸਿੰਘ ਵਿਰੁੱਧ ਗਵਾਹੀ ਦੇਣ ਆਇਆ। ਉੱਤਮ ਸਿੰਘ ਉਸ ਘੁਮਿਆਰ ਦੀ ਭੈੜੀ ਹਾਲਤ ਵੇਖ ਕੇ ਬੜਾ ਮਾਯੂਸ ਹੋਇਆ। ਉਹ ਬੜੇ ਦੁੱਖ ਨਾਲ ਕਹਿਣ ਲੱਗਾ ਕਿ ਇਹ ਹਾਲਤ ਹੋ ਗਈ ਹੈ ਮੇਰੇ ਦੇਸ਼ ਦੇ ਲੋਕਾਂ ਦੀ। ਤਰਸ ਆਉਂਦਾ ਹੈ ਇਸ ਵੱਲ ਵੇਖ ਕੇ। ਇਹ ਵਿਚਾਰਾ ਚੰਦ ਸਿੱਕਿਆਂ ਦੇ ਲਾਲਚ ਵਿਚ ਆ ਕੇ ਮੇਰੇ ਵਿਰੁੱਧ ਗਵਾਹੀ ਦੇਣ ਆ ਗਿਆ। ਇਸ ਉੱਤੇ ਗੁੱਸਾ ਕਰਕੇ ਕੀ ਕਰਾਂਗਾ। ਇਸ ਨੂੰ ਤਾਂ ਸ਼ਾਇਦ ਇਹ ਵੀ ਪਤਾ ਨਹੀਂ ਹੋਣਾ ਕਿ ਸਾਨੂੰ ਅੰਗਰੇਜ਼ਾਂ ਨੇ ਕਿਹੜੇ ਜੁਰਮ ਵਿਚ ਗ੍ਰਿਫਤਾਰ ਕੀਤਾ ਹੈ।

ਉੱਤਮ ਸਿੰਘ ਦਿਲ ਦਾ ਨਰਮ ਜ਼ਰੂਰ ਸੀ ਪਰ ਪਰਪੱਕ ਵਿਚਾਰਾਂ ਦਾ ਧਾਰਨੀ ਸੀ। ਇਕ ਵਾਰ ਕਿਸੇ ਅਫਸਰ ਨਾਲ ਗੱਲਬਾਤ ਕਰਦਿਆਂ ਉੱਤਮ ਸਿੰਘ ਨੇ ਉਸ ਨੂੰ ਤੂੰ ਆਖ ਦਿੱਤਾ। ਅਫ਼ਸਰ ਆਪਣੀ ਬੇਇੱਜ਼ਤੀ ਸਮਝ ਕੇ ਭੜਕ ਉਠਿਆ। ਉਹ ਰੋਅਬ ਨਾਲ ਕਹਿਣ ਲੱਗਾ ਕਿ ਮੈਂ ਇੱਕ ਅਫਸਰ ਹਾਂ ਤੇ ਤੂੰ ਮੈਨੂੰ ਤੂੰ ਆਖ ਕੇ ਸੰਬੋਧਨ ਕਰ ਰਿਹੈ। ਮੇਰੇ ਨਾਲ ਸੋਚ ਸਮਝ ਕੇ ਗੱਲ ਕਰ। ਅਫ਼ਸਰ ਦੀ ਗੱਲ ਸੁਣ ਕੇ ਉੱਤਮ ਸਿੰਘ ਝੱਟ ਨਿਧੜਕ ਹੋ ਕੇ ਕਹਿਣ ਲੱਗਾ ਕਿ ਤੇਰੀ ਮੇਰੇ ਸਾਹਮਣੇ ਕੋਈ ਹੈਸੀਅਤ ਨਹੀਂ। ਮੈਨੂੰ ਅੰਗਰੇਜ਼ਾਂ ਨੇ ਆਪਣਾ ਵਿਰੋਧੀ ਸਮਝ ਕੇ ਫੜਿਆ ਹੈ। ਮੈਂ ਹੁਣ ਵੀ ਅੰਗਰੇਜ਼ੀ ਸਰਕਾਰ

ਦੇ ਵਿਰੁੱਧ ਹਾਂ। ਅਸੀਂ ਤਾਂ ਆਪਣੇ ਦੇਸ਼ ਵਿਚੋਂ ਅੰਗਰੇਜ਼ਾਂ ਨੂੰ ਕੱਢ ਕੇ ਦਮ ਲਵਾਂਗੇ ਤੇ ਤੂੰ ਅੰਗਰੇਜ਼ਾਂ ਦਾ ਨੌਕਰ। ਤੂੰ ਆਪ ਹੀ ਦੱਸ ਕਿ ਅਸੀਂ ਤੈਨੂੰ ਕੀ ਕਹੀਏ! ਉੱਤਮ ਸਿੰਘ ਦੇ ਸਖ਼ਤ ਸ਼ਬਦ ਸੁਣ ਕੇ ਉਹ ਚੁੱਪ ਕਰ ਗਿਆ। ਇਸ ਤਰ੍ਹਾਂ ਦਾ ਸੀ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਉੱਤਮ ਸਿੰਘ ਹਾਂਸ।

# ਪਹਿਲਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ

ਇਹ ਕੇਸ 'ਬਾਦਸ਼ਾਹ ਬਨਾਮ ਅਮਰ ਸਿੰਘ ਤੇ ਹੋਰ' ਸਿਰਲੇਖ ਅਧੀਨ ਲਾਹੌਰ ਵਿੱਚ 29-10-1915 ਨੂੰ ਸ਼ੁਰੂ ਹੋਇਆ। ਇਸ ਕੇਸ ਵਿਚ ਸ਼ਾਮਲ 102 ਦੋਸ਼ੀਆਂ ਵਿਚੋਂ ਬਹੁਤੇ ਬੰਦੇ ਵਿਦੇਸ਼ਾਂ ਵਿਚੋਂ ਦੇਸ਼ ਪਰਤੇ ਸਨ। ਪੰਜਾਬ ਦੇ ਗਵਰਨਰ ਜਨਰਲ ਮਾਈਕਲ ਓਡਵਾਇਰ ਦੀਆਂ ਸਖ਼ਤ ਹਦਾਇਤਾਂ ਸਨ ਕਿ ਅੰਗਰੇਜ਼ੀ ਸਰਕਾਰ ਨਾਲ ਟੱਕਰ ਲੈਣ ਵਾਲੇ ਸਭ ਗ਼ਦਰੀਆਂ ਨੂੰ ਕਰੜਾ ਸਬਕ ਸਿਖਾਇਆ ਜਾਵੇ। ਉਸ ਦੀ ਹੋਰ ਵੀ ਵੱਡੀ ਹਦਾਇਤ ਸੀ ਕਿ ਜਿਨ੍ਹਾਂ ਬੰਦਿਆਂ ਨੇ ਗ਼ਦਰੀਆਂ ਨੂੰ ਪਨਾਹ ਦਿੱਤੀ ਹੈ ਜਾਂ ਉਨ੍ਹਾਂ ਨੂੰ ਰੋਟੀ ਪਾਣੀ ਛਕਾਇਆ ਹੈ ਉਨ੍ਹਾਂ ਨੂੰ ਵੀ ਕਰੜੇ ਹੱਥੀਂ ਲਿਆ ਜਾਵੇ। ਇਸ ਕੇਸ ਦੇ ਮੁਲਾਜ਼ਮਾ ਉੱਤੇ ਵੀ ਪਹਿਲੇ ਲਾਹੌਰ ਸਾਜਿਸ਼ ਕੇਸ ਵਾਲੇ ਹੀ ਦੋਸ਼ ਲਾਏ ਗਏ।

ਜੱਜਾਂ ਨੇ ਇਸ ਕੇਸ ਦੇ ਫੈਸਲੇ ਵਿਚ ਦੱਸਿਆ ਕਿ ਅਸੀਂ ਪਹਿਲੇ ਕੇਸ ਵਿਚ ਵਿਸਥਾਰ ਨਾਲ ਲਿਖਿਆ ਸੀ ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਕਰਨ ਵਾਲੀ ਗ਼ਦਰ ਪਾਰਟੀ ਦਾ ਮੁੱਢ ਅਮਰੀਕਾ ਵਿਚ ਬੱਝਾ ਸੀ। ਸਭ ਤੋਂ ਪਹਿਲਾਂ ਲਾਲਾ ਹਰਦਿਆਲ ਦੀ ਅਗਵਾਈ ਵਿਚ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਕਾਇਮ ਹੋਈ ਸੀ। ਇਸ ਨੇ ਕੈਨੇਡਾ ਤੇ ਹੋਰ ਮੁਲਕਾਂ ਵਿਚ ਵੱਸਦੇ ਭਾਰਤੀਆਂ ਨੂੰ ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਕਰਨ ਲਈ ਇਕ ਵੱਡਾ ਹਲੂਣਾ ਦਿੱਤਾ ਸੀ। ਬਹੁਤ ਲੋਕ ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਕਰਨ ਲਈ ਤਿਆਰ ਹੋਏ ਤੇ ਦੇਸ਼ ਵਿਚ ਗ਼ਦਰ ਮਚਾਉਣ ਲਈ ਜਹਾਜ਼ਾਂ ਰਾਹੀਂ ਹਿੰਦੋਸਤਾਨ ਪਰਤ ਆਏ।

ਇਸ ਕੇਸ ਵਿਚ ਸ਼ਾਮਲ 102 ਦੋਸ਼ੀਆਂ ਵਿਚੋਂ 74 ਉਤੇ ਕੇਸ ਚੱਲਿਆ। ਫੈਸਲੇ ਅਨੁਸਾਰ 5 ਨੂੰ ਫਾਂਸੀ, 18 ਨੂੰ ਉਮਰ ਕੈਦ ਜਾਇਦਾਦ ਜਬਤੀ ਤੇ ਦੇਸ਼ ਨਿਕਾਲਾ ਦਿੱਤਾ ਗਿਆ। 36 ਦੋਸ਼ੀਆਂ ਨੂੰ ਛੋਟੀਆਂ ਸਜ਼ਾਵਾਂ ਤੇ 15 ਨੂੰ ਬਰੀ ਕਰ ਦਿੱਤਾ। 29 ਵਾਅਦਾ ਮੁਆਫ਼ ਬਣ ਗਏ ਸਨ। ਟ੍ਰਿਬਿਊਨਲ ਨੇ ਇਸ ਗੱਲ ਉਤੇ ਬੜਾ ਜੋਰ ਦਿੱਤਾ ਕਿ ਅੰਗਰੇਜ਼ ਹਕੂਮਤ ਤੋਂ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਲਈ ਗ਼ਦਰ ਪਾਰਟੀ ਵੱਲੋਂ ਕਰਵਾਈਆਂ ਕਾਨਫਰੰਸਾਂ ਵਿਚ ਸ਼ਾਮਲ ਹੋਣਾ ਹੀ ਵੱਡਾ ਸਬੂਤ ਹੈ ਕਿ ਇਨ੍ਹਾਂ ਲੋਕਾਂ ਨੇ ਸ਼ਹਿਨਸ਼ਾਹ ਦੇ ਵਿਰੁੱਧ ਬਗਾਵਤ ਕੀਤੀ ਸੀ। ਇਸੇ ਕਾਰਨ ਇਨ੍ਹਾਂ ਉਤੇ 121 ਤੇ 121 ਏ ਦੀ ਦਫਾ ਹੇਠ ਮੁਕੱਦਮੇ ਚੱਲੇ।

ਜੱਜਾਂ ਦੇ ਫੈਸਲੇ ਵਿਚ ਇਹ ਵੀ ਸ਼ਾਮਲ ਸੀ ਕਿ ਹਾਂਗਕਾਂਗ ਗ਼ਦਰ ਲਹਿਰ ਦਾ

ਮੁੱਖ ਅੱਡਾ ਸੀ। ਲੋਕ ਅਮਰੀਕਾ, ਕੈਨੇਡਾ, ਫਿਲਪਾਈਨ ਤੇ ਚੀਨ ਨੂੰ ਆਉਂਦ ਜਾਂਦੇ ਇਸ ਬੰਦਰਗਾਹ ਰਾਹੀਂ ਲੰਘਦੇ। ਗਵਾਹੀਆਂ ਅਨੁਸਾਰ ਹਾਂਗਕਾਂਗ ਦਾ ਗੁਰਦੁਆਰਾ ਪਾਰਟੀ ਦੀਆਂ ਸਰਗਰਮੀਆਂ ਦਾ ਮੁੱਖ ਅੱਡਾ ਸੀ। ਏਥੇ ਲੋਕ ਇਕੱਠੇ ਹੋ ਜਾਂਦੇ, ਉਥੇ ਭਾਸ਼ਣ ਦਿੱਤੇ ਜਾਂਦੇ। ਅਖਬਾਰ ਵੰਡੇ ਜਾਂਦੇ। ਸ਼ਿਆਮ ਤੇ ਸਿੰਘਾਪੁਰ ਦੇ ਗੁਰਦੁਆਰਿਆਂ ਵਿਚ ਵੀ ਇਨਕਲਾਬੀ ਭਾਸ਼ਣ ਦਿੱਤੇ ਜਾਂਦੇਂ। ਸ਼ਿਆਮ ਵੀ ਲਹਿਰ ਦਾ ਇੱਕ ਹਿੱਸਾ ਬਣ ਗਿਆ ਸੀ।

ਪਹਿਲੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਦੀ ਜੱਜਮੈਂਟ ਇਸ ਤਰ੍ਹਾਂ ਸੀ। ਦੋਸ਼ੀ ਨੰ: 98 ਉੱਤਮ ਸਿੰਘ ਹਾਂਸ ਉਰਫ ਰਾਘੋ ਸਿੰਘ ਪੁੱਤਰ ਜੀਤਾ ਸਿੰਘ ਪਿੰਡ ਹਾਂਸ ਜਿਸ ਦੀ ਸ਼ਨਾਖਤ ਗਵਾਹ ਸੁੰਦਰ ਸਿੰਘ, ਊਧਮ ਸਿੰਘ, ਭਗਤ ਸਿੰਘ, ਬਚਨ ਸਿੰਘ, ਅਮਰ ਸਿੰਘ, ਅਰਜਣ ਸਿੰਘ ਅਤੇ ਹੋਤੀ ਮਤਦਾਨ ਤੋਂ ਸ਼ਰਬਤ ਵੇਚਣ ਵਾਲੇ ਸਨ। ਗਵਾਹਾਂ ਦੇ ਬਿਆਨਾਂ ਨੂੰ ਮੁੱਖ ਰੱਖ ਕੇ ਸਰਕਾਰੀ ਵਕੀਲ ਨੇ ਸੁਣਾਈ ਗਈ ਸਜ਼ਾ ਬਾਰੇ ਕਿਹਾ ਕਿ ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਉੱਤਮ ਸਿੰਘ ਹਾਂਸ ਅਸਲੀ ਮੁਲਜ਼ਮ ਹੈ। ਉਹ ਕੈਨੇਡਾ ਤੋਂ ਜਹਾਜ਼ ਰਾਹੀਂ ਅੰਗਰੇਜ਼ ਸਰਕਾਰ ਦਾ ਤਖਤਾ ਪਲਟਾਉਣ ਲਈ ਹਿੰਦੋਸਤਾਨ ਆਇਆ ਸੀ। ਉਸ ਦਾ ਪਿੰਡ ਲੋਹਟਬੱਧੀ ਦੇ ਇਨਕਲਾਬੀਆਂ ਨਾਲ ਸਬੰਧ ਸੀ। ਪਿੰਡ ਝਨੇਰ ਦੇ ਡਾਕੇ ਵਿਚ ਉੱਤਮ ਸਿੰਘ ਦਾ ਹੱਥ ਸੀ। ਲੋਹਟਬੱਧੀ ਵਿਚ ਹਥਿਆਰ ਬਣਾਉਣ ਲਈ ਗ਼ਦਰੀਆਂ ਨੇ ਇਕ ਫੈਕਟਰੀ ਲਾਈ ਸੀ। ਉਸ ਫੈਕਟਰੀ ਵਿਚ ਅਸਲਾ ਬਣਾਉਣ ਵਿਚ ਉੱਤਮ ਸਿੰਘ ਦਾ ਪੂਰਾ ਹੱਥ ਸੀ।

ਉੱਤਮ ਸਿੰਘ ਹਾਂਸ ਦਾ ਦੂਰ-ਦੂਰ ਦੇ ਗ਼ਦਰੀਆ ਨਾਲ ਬੜੀ ਨੇੜਤਾ ਸੀ। ਸਰਕਾਰੀ ਵਕੀਲ ਦਾ ਇਹ ਵੀ ਕਹਿਣਾ ਸੀ ਕਿ ਪਿੰਡ ਢੁੱਡੀਕੇ ਦੇ ਟੋਲੇ ਵੱਲੋਂ ਵੱਡੀਆਂ ਇਨਕਲਾਬੀ ਸਰਗਰਮੀਆਂ ਕੀਤੀਆਂ ਗਈਆਂ। ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕੀਤਾ ਗਿਆ। 5 ਜੂਨ ਨੂੰ ਕਪੂਰਥਲੇ ਵਿਚ ਇਕ ਮੀਟਿੰਗ ਕੀਤੀ ਗਈ। ਅੰਮ੍ਰਿਤਸਰ ਦੇ ਲਾਗੇ ਵੱਲਾ ਪੁਲ ਵਾਲੇ ਕਾਂਡ ਵਿਚ ਵੀ ਉੱਤਮ ਸਿੰਘ ਹਾਂਸ ਸ਼ਾਮਲ ਸੀ। ਉਥੇ ਗਾਰਦ ਦਾ ਇਕ ਜਵਾਨ ਮਾਰਿਆ ਗਿਆ। ਗ਼ਦਰੀ ਗਾਰਦ ਦੇ ਹਥਿਆਰ ਖੋਹ ਕੇ ਲੈ ਗਏ। ਚੰਦਾ ਸਿੰਘ ਜ਼ੈਲਦਾਰ ਦਾ ਕਤਲ ਕੀਤਾ ਗਿਆ। ਇਸ ਕਤਲ ਵਿਚ ਵੀ ਉੱਤਮ ਸਿੰਘ ਸ਼ਾਮਲ ਸੀ। ਉੱਤਮ ਸਿੰਘ ਹਾਂਸ ਨੇ ਕੈਨੇਡਾ ਤੋਂ ਵਾਪਸ ਆ ਕੇ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸਰਗਰਮੀਆਂ ਵਿਚ ਭਾਗ ਲਿਆ। ਇਸ ਲਈ ਉਹ ਸਜ਼ਾ ਦਾ ਹੱਕਦਾਰ ਹੈ। ਉੱਤਮ ਸਿੰਘ ਹਾਂਸ ਨੂੰ ਫਾਂਸੀ ਤੇ ਜਾਇਦਾਦ ਦੀ ਜਬਤੀ ਦੀ ਸਜ਼ਾ ਸੁਣਾਈ ਗਈ ਪਰ ਉੱਤਮ ਸਿੰਘ ਹਾਂਸ ਪੂਰੀ ਚੜ੍ਹਦੀ ਕਲਾ ਵਿਚ ਸੀ। ਫਾਂਸੀ ਦੀ ਸਜ਼ਾ ਦਾ ਵੀ ਉਸ ਉੱਤੇ ਕੋਈ ਅਸਰ ਨਾ ਹੋਇਆ। ਉੱਤਮ ਸਿੰਘ ਹਾਂਸ ਤਾਂ ਇਸ ਗੱਲ ਉੱਤੇ ਫ਼ਖ਼ਰ ਮਹਿਸੂਸ ਕਰਦਾ ਸੀ ਕਿ ਉਨ੍ਹਾਂ ਦੀ ਕੁਰਬਾਨੀ ਵਿਅਰਥ ਨਹੀਂ ਜਾਏਗੀ। ਇਹ ਕੁਰਬਾਨੀ ਹੀ ਦੇਸ਼ ਵਾਸੀਆਂ ਨੂੰ ਅਜ਼ਾਦੀ ਸੰਗਰਾਮ ਲਈ ਹਲੂਣਾ ਦੇਵੇਗੀ। ਲੋਕ ਜਾਗ ਉੱਠਣਗੇ। ਉਹ ਅੰਗਰੇਜ਼ੀ ਸਰਕਾਰ ਵਿਰੁੱਧ ਅਵਾਜ਼ ਉਠਾਉਣਗੇ। ਦੇਸ਼ ਦੇ ਲੋਕ ਇਕ ਦਿਨ ਅਜ਼ਾਦੀ

ਲੈ ਕੇ ਹਟਣਗੇ। ਗ਼ਦਰ ਪਾਰਟੀ ਦੇ ਕਾਰਨਾਮਿਆਂ ਨੂੰ ਲੋਕ ਯਾਦ ਰੱਖਣਗੇ ਕਿ ਗ਼ਦਰੀਆਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਬਣਾਈਆਂ ਜਾਇਦਾਦਾਂ ਛੱਡ ਦਿੱਤੀਆਂ। ਦੇਸ਼ ਆ ਕੇ ਆਪਣੇ ਘਰ ਬਾਰ ਛੱਡ ਦਿੱਤੇ। ਸੁਖ ਅਰਾਮ ਤਿਆਗ ਦਿੱਤੇ। ਅਨੇਕਾਂ ਕਸ਼ਟ ਸਹਾਰੇ ਤਾਂ ਕਿ ਭਾਰਤ ਮਾਤਾ ਦੇ ਪੈਰਾਂ ਵਿਚ ਪਈਆਂ ਬੇੜੀਆਂ ਕੱਟ ਦਿੱਤੀਆਂ ਜਾਣ। ਸਾਡਾ ਦੇਸ਼ ਅਜ਼ਾਦ ਹੋਵੇ ਤੇ ਸਹੀ ਅਰਥਾਂ ਵਿਚ ਏਥੇ ਅਜ਼ਾਦੀ ਆ ਜਾਵੇ। ਦੇਸ਼ ਵਿਚ ਲੋਕਾਂ ਦੀ ਆਪਣੀ ਸਰਕਾਰ ਬਣੇ।

30 ਮਾਰਚ 1916 ਨੂੰ ਪਹਿਲੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਦਾ ਫੈਸਲਾ ਸੁਣਾਇਆ ਗਿਆ, ਜਿਸ ਅਨੁਸਾਰ ਉੱਤਮ ਸਿੰਘ ਹਾਂਸ ਨੂੰ 18 ਜੂਨ 1916 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਪਰ ਉੱਤਮ ਸਿੰਘ ਹਾਂਸ ਫਾਂਸੀ ਦੇ ਤਖ਼ਤੇ ਉੱਤੇ ਪੈਰ ਰੱਖਣ ਤੱਕ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਰਿਹਾ।

## ਪਹਿਲਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਅਧੀਨ ਸਜ਼ਾਵਾਂ

| ਨੰ: | ਨਾਮ | ਪਿਤਾ ਦਾ ਨਾਮ | ਪਿੰਡ | ਸਜ਼ਾ |
|---|---|---|---|---|
| 1. | ਉੱਤਮ ਸਿੰਘ ਹਾਂਸ | ਜੀਤਾ ਸਿੰਘ | ਹਾਂਸ ਕਲਾਂ | ਫਾਂਸੀ |
| 2. | ਈਸ਼ਰ ਸਿੰਘ | ਸੱਜਣ ਸਿੰਘ | ਢੁੱਡੀਕੇ | ਫਾਂਸੀ |
| 3. | ਰੂੜ ਸਿੰਘ | – | ਤਲਵੰਡੀ ਦੁਸਾਂਝ | ਫਾਂਸੀ |
| 4. | ਬੀਰ ਸਿੰਘ | ਬੂਟਾ ਸਿੰਘ | ਬਾਹੋਵਾਲ | ਫਾਂਸੀ |
| 5. | ਰੰਗਾ ਸਿੰਘ | ਗੁਰਦਿੱਤ ਸਿੰਘ | ਖੁਰਦਪੁਰ | ਫਾਂਸੀ |

## ਉਮਰ ਕੈਦ ਤੇ ਜਾਇਦਾਦ ਜਬਤੀ ਦੀਆਂ ਸਜ਼ਾਵਾਂ ਵਾਲੇ ਗ਼ਦਰੀ

| ਨੰ: | ਨਾਮ | ਪਿਤਾ ਦਾ ਨਾਮ | ਪਿੰਡ |
|---|---|---|---|
| 1. | ਅਰਜਣ ਸਿੰਘ | ਲਾਲ ਸਿੰਘ | ਜਗਰਾਉਂ |
| 2. | ਅਤਰ ਸਿੰਘ | ਹੀਰਾ ਸਿੰਘ | ਧੀਕਮਪੁਰ |
| 3. | ਬੋਘ ਸਿੰਘ | ਨੱਥਾ ਸਿੰਘ | ਝਾੜ ਸਾਹਿਬ |
| 4. | ਬਿਸ਼ਨ ਸਿੰਘ | ਵਸਾਖਾ ਸਿੰਘ | ਵਰਪਾਲ |
| 5. | ਬੁੱਢਾ ਸਿੰਘ | ਈਸ਼ਰ ਸਿੰਘ | ਸੁਰ ਸਿੰਘ |
| 6. | ਦਲੀਪ ਸਿੰਘ | ਹਮੀਰ ਸਿੰਘ | ਫੂਲੇਵਾਲ |
| 7. | ਗੰਡਾ ਸਿੰਘ | ਬਹਾਦਰ ਸਿੰਘ | ਖਾਪੜ ਖੇੜੀ |
| 8. | ਗੰਡਾ ਸਿੰਘ | ਜਵਾਲਾ ਸਿੰਘ | ਸੁਰ ਸਿੰਘ |
| 9. | ਗੁੱਜਰ ਸਿੰਘ | ਸ਼ਾਮ ਸਿੰਘ | ਭਕਨਾ |
| 10. | ਹਰਭਜਨ ਸਿੰਘ | ਫਤਿਹ ਸਿੰਘ | ਚਮਿੰਡਾ |
| 11. | ਹਰੀ ਸਿੰਘ | ਅਮਰ ਸਿੰਘ | ਕੱਕੜ |
| 12. | ਹਰਨਾਮ ਸਿੰਘ | ਨਰੈਣ ਸਿੰਘ | ਗੁਜਰਾਲ |
| 13. | ਹਰਨਾਮ ਸਿੰਘ | ਭੂਪ ਸਿੰਘ | ਰਸੂਲਪੁਰ |
| 14. | ਹਰਨਾਮ ਸਿੰਘ | ਸੁੰਦਰ ਸਿੰਘ | ਕਾਲਾ ਸੰਘਾ |
| 15. | ਇੰਦਰ ਸਿੰਘ | ਡੁੰਮਣ ਸਿੰਘ | ਸ਼ੇਖ ਦੌਲਤ |

| | | | |
|---|---|---|---|
| 16. | ਜਗਤ ਸਿੰਘ | ਦੇਵਾ ਸਿੰਘ | ਗੁੱਜਰਵਾਲ |
| 17. | ਜਿੰਦਰ ਸਿੰਘ | ਮੰਗਲ ਸਿੰਘ | ਚੌਧਰੀ ਵਾਲਾ |
| 18. | ਕਰਮ ਸਿੰਘ | ਸੁੰਦਰ ਸਿੰਘ | ਕੋਟਲਾ ਅਜਨੇਰ |
| 19. | ਕਰਤਾਰ ਸਿੰਘ | ਬਿਸ਼ਨ ਸਿੰਘ | ਪਟਿਆਲਾ |
| 20. | ਕੇਸਰ ਸਿੰਘ | ਮੰਗਲ ਸਿੰਘ | ਸੁਰ ਸਿੰਘ |
| 21. | ਕਿਰਪਾ ਸਿੰਘ | ਜਵਾਹਰ ਸਿੰਘ | ਲੌਂਗ ਮਾਜਰੀ |
| 22. | ਲਾਭ ਸਿੰਘ | ਬੂੜ ਸਿੰਘ | ਵਲਟੋਹਾ |
| 23. | ਲਾਲ ਸਿੰਘ | ਉਦੇ ਸਿੰਘ | ਨਾਰੰਗਵਾਲ |
| 24. | ਲਾਭ ਸਿੰਘ | ਰਾਮ ਸਿਘ | ਚੱਕ ਵਾਲੀਆ |
| 25. | ਮਹਾਰਾਜ ਸਿੰਘ | ਨਿਹਾਲ ਸਿੰਘ | ਕਸੇਲ |
| 26. | ਮਹਿੰਦਰ ਸਿੰਘ | ਨਰੈਣ ਸਿੰਘ | ਮਾਜਰੀ |
| 27. | ਮੰਗਲ ਸਿੰਘ | ਮੂਲ ਸਿੰਘ | ਵਲਟੋਹਾ |
| 28. | ਮਸਤਾਨ ਸਿੰਘ | ਮਹਿਤਾਬ ਸਿੰਘ | ਨਾਰੰਗਵਾਲ |
| 29. | ਨਾਹਰ ਸਿੰਘ | ਠਾਕਰ ਸਿੰਘ | ਗੁੱਜਰਵਾਲ |
| 30. | ਨੱਥਾ ਸਿੰਘ | ਮੰਗਲ ਸਿੰਘ | ਧੁੰਨ |
| 31. | ਪਾਖਰ ਸਿੰਘ | ਭਾਨ ਸਿੰਘ | ਢੁੱਡੀਕੇ |
| 32. | ਪਾਲਾ ਸਿੰਘ | ਬੱਗਾ ਸਿੰਘ | ਢੁੱਡੀਕੇ |
| 33. | ਰਾਮ ਸਿੰਘ | ਸਾਹਿਬ ਸਿੰਘ | ਫੂਲੇਵਾਲ |
| 34. | ਰਨਧੀਰ ਸਿੰਘ | ਨੱਥਾ ਸਿੰਘ | ਨਾਰੰਗਵਾਲ |
| 35. | ਸੱਜਣ ਸਿੰਘ | ਮੋਹਨ ਸਿੰਘ | ਨਾਰੰਗਵਾਲ |
| 36. | ਸੰਤਾ ਸਿੰਘ | ਚੂਹੜ ਸਿੰਘ | ਨੰਦਪੁਰ ਕਲੌੜ |
| 37. | ਸੁੱਚਾ ਸਿੰਘ | ਗੁਰਦਿੱਤ ਸਿੰਘ | ਚੋਹਲਾ ਕਲਾਂ |
| 38. | ਸੁਲਤਾਨ ਸ਼ਾਹ | ਮਾਘੀ ਸ਼ਾਹ | ਭਿਖੀਵਿੰਡ |
| 39. | ਸੁੰਦਰ ਸਿੰਘ | ਰਤਨ ਸਿੰਘ | ਦੂਲੋ ਨੰਗਲ |
| 40. | ਸੂਜਾ ਸਿੰਘ | ਖੁਸ਼ਹਾਲ ਸਿੰਘ | ਵਲਟੋਹਾ |
| 41. | ਸੁਰਜਣ ਸਿੰਘ | ਮਹਾਂ ਸਿੰਘ | ਗੁੱਜਰਵਾਲ |
| 42. | ਤੇਜਾ ਸਿੰਘ | ਦਿਆਲ ਸਿੰਘ | ਭਿਖੀਵਿੰਡ |
| 43. | ਠਾਕਰ ਸਿੰਘ | ਸੂਬਾ ਸਿੰਘ | ਠੱਠੀਆਂ |
| 44. | ਊਧਮ ਸਿੰਘ | ਜੀਵਨ ਸਿੰਘ | ਲਾਧੂਪੁਰਾ |
| 45. | ਵਸਾਖਾ ਸਿੰਘ | ਈਸ਼ਰ ਸਿੰਘ | ਦਦੇਹਰ |

# ਘੱਟ ਸਜ਼ਾਵਾਂ ਵਾਲੇ ਗ਼ਦਰੀ

| ਨੰ: | ਨਾਮ | ਪਿਤਾ ਦਾ ਨਾਮ | ਪਿੰਡ | ਸਜ਼ਾ |
|---|---|---|---|---|
| 1. | ਜੰਮੂ | ਵਸਾਊ | ਵਲਟੋਹਾ | 6 ਮਹੀਨੇ ਸਖ਼ਤ ਕੈਦ |
| 2. | ਜੱਸਾ | ਨੱਥਾ ਸਿੰਘ | ਝਾੜ ਸਾਹਿਬ | 6 ਮਹੀਨੇ ਸਖ਼ਤ ਕੈਦ |
| 3. | ਕਾਹਨ ਸਿੰਘ | ਸਰੂਪ ਸਿੰਘ | ਹਸਨਪੁਰ | 4 ਸਾਲ ਸਖਤ ਕੈਦ |
| 4. | ਮਹਿੰਦਰ ਸਿੰਘ | ਨੰਦ ਸਿੰਘ | ਢੁੱਡੀਕੇ | 3 ਸਾਲ ਸਖ਼ਤ ਕੈਦ |
| 5. | ਪਾਲਾ ਸਿੰਘ | ਕਾਲਾ ਸਿੰਘ | ਢੁੱਡੀਕੇ | 3 ਸਾਲ ਸਖ਼ਤ ਕੈਦ |
| 6. | ਮਾ. ਫੇਰਾ ਸਿੰਘ | ਲਹਿਣਾ ਸਿੰਘ | ਕੋਟ ਝੰਡਾ ਸਿੰਘ | 2 ਸਾਲ ਸਖਤ ਕੈਦ |
| 7. | ਸ਼ਾਮ ਸਿੰਘ | ਭੋਲਾ ਸਿੰਘ | ਢੁੱਡੀਕੇ | 3 ਸਾਲ ਸਖਤ ਕੈਦ |
| 8. | ਸ਼ੇਰ ਸਿੰਘ | ਲਹਿਣਾ ਸਿੰਘ | ਠੀਕਰੀਵਾਲਾ | 1 ਸਾਲ ਸਖਤ ਕੈਦ |

# ਮਹਾਨ ਦੇਸ਼ ਭਗਤ

ਉੱਤਮ ਸਿੰਘ ਹਾਂਸ ਦੇਸ਼ ਦੀ ਅਜ਼ਾਦੀ ਦੀ ਖਾਤਰ ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਉੱਤਮ ਸਿੰਘ ਡੋਲਿਆ ਨਹੀਂ। ਗ਼ਦਰ ਪਾਰਟੀ ਦੇ ਪ੍ਰੋਗਰਾਮ ਦੇ ਪ੍ਰੋਗਰਾਮ ਅਨੁਸਾਰ ਜੂਝਦਾ ਰਿਹਾ। ਦੇਸ਼ ਲਈ ਲੜਨਾ ਹੀ ਉਸ ਦਾ ਜੀਵਨ ਸੀ। ਉਹ ਆਪਣਾ ਸਾਰਾ ਜੀਵਨ ਦੇਸ਼ ਦੇ ਲੇਖੇ ਲਾ ਗਿਆ। ਫਾਂਸੀ ਦਿੱਤੇ ਜਾਣ ਦੀ ਖ਼ਬਰ ਪਿੰਡ ਹਾਂਸ ਕਲਾਂ ਵਿਚ ਪਹੁੰਚ ਗਈ। ਸਾਰੇ ਪਿੰਡ ਵਿਚ ਮਾਤਮ ਛਾ ਗਿਆ। ਘਰ ਵਿਚ ਸਾਰੇ ਪਰਿਵਾਰ ਉੱਤੇ ਵੱਡਾ ਦੁੱਖ ਆ ਪਿਆ। ਮਾਂ ਆਪਣੇ ਪੁੱਤ ਦੀ ਅਜਿਹੀ ਖ਼ਬਰ ਕਿਵੇਂ ਸੁਣ ਸਕਦੀ ਹੈ। ਇਹ ਤਾਂ ਸ਼ਹੀਦ ਦੀ ਮਾਂ ਹੀ ਦੱਸ ਸਕਦੀ ਸੀ। ਅਸੀਂ ਤਾਂ ਸੋਚ ਹੀ ਸਕਦੇ ਹਾਂ।

ਉਸ ਵੇਲੇ ਰਾਹ ਕੱਚੇ ਸਨ। ਆਵਾਜਾਈ ਦੇ ਬਹੁਤੇ ਸਾਧਨ ਵੀ ਨਹੀਂ ਸਨ। ਉੱਤਮ ਸਿੰਘ ਦੀ ਲਾਸ਼ ਪਿੰਡ ਲਿਆਉਣ ਦਾ ਸਵਾਲ ਸੀ। ਘਰ ਵਿਚ ਸਲਾਹ ਬਣੀ ਕਿ ਲਾਸ਼ ਤਾਂ ਕੇਵਲ ਗੱਡੇ ਵਿਚ ਰੱਖ ਕੇ ਹੀ ਲਿਆਂਦੀ ਜਾ ਸਕਦੀ ਹੈ। ਉੱਤਮ ਸਿੰਘ ਦਾ ਭਤੀਜਾ ਸੁਦਾਗਰ ਸਿੰਘ ਗੱਡਾ ਜੋੜ ਕੇ ਲਾਹੌਰ ਨੂੰ ਚੱਲ ਪਿਆ। ਦੁੱਖਾਂ ਭਰਿਆ ਸਫ਼ਰ ਸ਼ੁਰੂ ਕਰਨਾ ਪਿਆ। ਸੁਦਾਗਰ ਸਿੰਘ ਲਾਹੌਰ ਪਹੁੰਚ ਗਿਆ। ਉਥੇ ਪਤਾ ਲੱਗਾ ਕਿ 18 ਜੂਨ ਨੂੰ ਉੱਤਮ ਸਿੰਘ ਸਮੇਤ ਪੰਜ ਗ਼ਦਰੀਆਂ ਨੂੰ ਫਾਂਸੀ ਦਿੱਤੀ ਗਈ ਸੀ ਪਰ ਜ਼ਾਲਮ ਅੰਗਰੇਜ਼ ਸਰਕਾਰ ਨੇ ਕਿਸੇ ਵੀ ਗ਼ਦਰੀ ਦੀ ਲਾਸ਼ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਸੌਂਪੀ ਗਈ।

ਸੁਦਾਗਰ ਸਿੰਘ ਨੂੰ ਜੇਲ੍ਹ ਦੇ ਅਫ਼ਸਰਾਂ ਵੱਲੋਂ ਉੱਤਮ ਸਿੰਘ ਦੀਆਂ ਕੇਵਲ ਦੋ ਨਿਸ਼ਾਨੀਆਂ ਦਿੱਤੀਆਂ ਗਈਆਂ। ਇੱਕ ਪੰਜ ਗ੍ਰੰਥੀ ਦਾ ਗੁਟਕਾ ਸਾਹਿਬ ਤੇ ਇੱਕ ਰਹਿਲ। ਸੁਾਦਗਰ ਸਿੰਘ ਨੇ ਇਹ ਦੋਵੇਂ ਪਵਿੱਤਰ ਨਿਸ਼ਾਨੀਆਂ ਅਫ਼ਸਰਾਂ ਤੋਂ ਲੈ ਲਈਆਂ। ਉਸ ਨੇ ਫਿਰ ਆਪਣੇ ਸੀਨੇ ਉੱਤੇ ਪੱਥਰ ਰੱਖ ਕੇ ਗੱਡਾ ਪਿੰਡ ਨੂੰ ਤੋਰ ਲਿਆ ਤੇ ਉਹ ਖਾਲੀ ਗੱਡਾ ਲੈ ਕੇ ਪਿੰਡ ਹਾਂਸ ਕਲਾਂ ਪਹੁੰਚ ਗਿਆ।

# ਘਰ ਪਰਿਵਾਰ ਦਾ ਮੰਦੜਾ ਹਾਲ

ਉੱਤਮ ਸਿੰਘ ਦੀਆਂ ਦੋ ਪਵਿੱਤਰ ਨਿਸ਼ਾਨੀਆਂ ਤੇ ਉਸ ਦੀ ਲਾਸ਼ ਤੋਂ ਬਿਨਾਂ ਖਾਲੀ ਗੱਡਾ ਵੇਖ ਕੇ ਸਾਰੇ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੋ ਗਿਆ। ਮਾਂ ਵਾਰ-ਵਾਰ ਉੱਤਮ ਸਿੰਘ ਦੀਆਂ ਨਿਸ਼ਾਨੀਆਂ ਹਿੱਕ ਨੂੰ ਲਾ ਕੇ ਰੋਂਦੀ ਕੁਰਲਾਉਂਦੀ। ਮਾਂ ਨੂੰ ਇਹ ਉਮੀਦ ਨਹੀਂ ਸੀ ਕਿ ਉਸ ਦੇ ਪੁੱਤਰ ਨੂੰ ਫਾਂਸੀ ਵੀ ਆ ਜਾਵੇਗੀ। ਉਸ ਦੇ ਪੁੱਤਰ ਨੇ ਭਲਾ ਕਿਹੜਾ ਗੁਨਾਹ ਕੀਤਾ ਸੀ ਕਿ ਉਸ ਨੂੰ ਫਾਂਸੀ ਉੱਤੇ ਲਟਕਾ ਦਿੱਤਾ ਜਾਵੇ। ਜਿਸ ਵੇਲੇ ਉੱਤਮ ਸਿੰਘ ਜੇਲ੍ਹ ਵਿਚ ਬੰਦ ਸੀ ਤਾਂ ਮਾਂ ਹਰ ਵੇਲੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਕਿ ਉਸ ਦੇ ਪੁੱਤਰ ਨੂੰ ਤੱਤੀ ਵਾਅ ਨਾ ਲੱਗੇ। ਪ੍ਰਮਾਤਮਾ ਉਸ ਨੂੰ ਹੱਥ ਦੇ ਕੇ ਬਚਾ ਲਵੇ।

ਮਾਂ ਨੂੰ ਇੱਕ ਪਲ ਵੀ ਉੱਤਮ ਸਿੰਘ ਭੁੱਲਦਾ ਨਹੀਂ ਸੀ। ਮਾਂ ਕਈ ਵਾਰ ਆਂਢ-ਗੁਆਂਢ ਦੇ ਨਿੱਕੇ ਨਿਆਣੇ ਇਕੱਠੇ ਕਰ ਲੈਂਦੀ। ਉਹ ਬੱਚਿਆਂ ਨੂੰ ਗੁੜ, ਸ਼ੱਕਰ ਤੇ ਮਖਾਣੇ ਖਾਣ ਨੂੰ ਦਿੰਦੀ ਤੇ ਫਿਰ ਬੱਚਿਆਂ ਨੂੰ ਪਿਆਰ ਨਾਲ ਆਖਦੀ ਕਿ ਹੁਣ ਤੁਸੀਂ ਚੌਂਕੜੀ ਮਾਰੋ ਤੇ ਅੱਖਾਂ ਮੀਚ ਲਵੋ। ਦੋਵੇਂ ਹੱਥ ਜੋੜ ਕੇ ਪ੍ਰਮਾਤਮਾ ਅੱਗੇ ਅਰਦਾਸ ਕਰੋ ਕਿ ਸਾਡਾ ਰਾਘੋ ਘਰ ਆ ਜਾਵੇ। ਗਵਾਂਢੀ ਬੱਚੇ ਇਸੇ ਤਰ੍ਹਾਂ ਕਰਦੇ। ਜਗਤਾਰ ਸਿੰਘ ਹਾਂਸ ਦੇ ਦੱਸਣ ਮੁਤਾਬਕ ਉਹ ਬੱਚੇ ਇਹ ਹੁੰਦੇ ਸਨ-ਜਗਦੀਸ਼ ਪੰਡਤ, ਹਰਦਿਆਲ ਰਾਜਾ, ਗੁਰਦਿਆਲ ਰਾਜਾ, ਜਗਤ ਰਾਮ ਤੇ ਭਗਤ ਰਾਮ ਆਦਿ। ਆਂਢ-ਗੁਆਂਢ ਦੇ ਹੋਰ ਬੱਚੇ ਵੀ ਹੁੰਦੇ। ਸਾਰੇ ਬੱਚੇ ਹੱਥ ਜੋੜ ਕੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਕਿ ਸਾਡਾ ਰਾਘੋ ਆ ਜਾਵੇ। ਸਾਡਾ ਰਾਘੋ ਆ ਜਾਵੇ ਪਰ ਰਾਘੋ ਤਾਂ ਅਜ਼ਾਦੀ ਦੇ ਕਸ਼ਟਾਂ ਭਰੇ ਰਸਤੇ ਉਤੇ ਚੱਲ ਕੇ ਫਾਂਸੀ ਉੱਤੇ ਝੂਲ ਗਿਆ। ਹੁਣ ਤਾਂ ਘਰ ਵਿਚ ਉੱਤਮ ਸਿੰਘ ਦੀਆਂ ਪਵਿੱਤਰ ਨਿਸ਼ਾਨੀਆਂ ਸਨ ਤੇ ਜਾਂ ਫਿਰ ਉਸ ਦੀਆਂ ਯਾਦਾਂ। ਹੋਰ ਵੀ ਕਹਿਰ ਕਿ ਉੱਤਮ ਸਿੰਘ ਦੇ ਭਰਾ ਦੀ ਅੱਧੀ ਜ਼ਮੀਨ ਅੰਗਰੇਜ਼ਾਂ ਨੇ ਜਬਤ ਕਰ ਲਈ ਸੀ।

# ਗ਼ਦਰ ਪਾਰਟੀ ਦਾ ਪ੍ਰੋਗਰਾਮ, ਕੁਝ ਸ਼ਬਦ

ਅਮਰੀਕਾ ਵਿਚ ਰੋਜ਼ੀ ਰੋਟੀ ਦੀ ਖਾਤਰ ਕਮਾਈ ਕਰਨ ਗਏ ਸੂਝਵਾਨ ਭਾਰਤੀ ਲੋਕਾਂ ਨੇ ਹਿੰਦੋਸਤਾਨ ਨੂੰ ਅੰਗਰੇਜ਼ੀ ਸਾਮਰਾਜ ਤੋਂ ਮੁਕਤ ਕਰਵਾਉਣ ਲਈ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਦਾ ਗਠਨ ਕੀਤਾ ਜਿਸ ਦਾ ਲੋਕਾਂ ਨੇ ਆਪ ਮੁਹਾਰੇ ਹੀ ਨਾਂ ਗ਼ਦਰੀ ਪਾਰਟੀ ਰੱਖ ਲਿਆ। ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚ ਵੱਸਦੇ ਭਾਰਤੀ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਪ੍ਰਤੀ ਜਾਗਰੂਕ ਕਰਨ ਲਈ 'ਗ਼ਦਰ' ਪਰਚਾ ਸ਼ੁਰੂ ਕੀਤਾ ਜਿਸ ਨੇ ਸਾਰੀ ਦੁਨੀਆਂ ਵਿਚ ਧੁੰਮ ਮਚਾ ਦਿੱਤੀ। ਭਾਰਤੀ ਲੋਕ ਜਾਗ ਉੱਠੇ ਕਿ ਸਾਡਾ ਦੇਸ਼ ਗੁਲਾਮ ਹੈ ਤੇ ਅੰਗਰੇਜ਼ ਸਾਡੇ ਮੁਲਕ ਦੀ ਬੁਰੀ ਤਰ੍ਹਾਂ ਲੁੱਟ ਵੀ ਕਰ ਰਹੇ ਹਨ। ਭਾਰਤੀ ਲੋਕਾਂ ਦਾ ਜੀਵਨ ਪੱਧਰ ਬਹੁਤ ਹੀ ਮਾੜਾ ਹੈ। ਗ਼ਦਰ ਪਾਰਟੀ ਨੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਲਈ ਲੋਕਾਂ ਨੂੰ ਹਥਿਆਰਬੰਦ ਸੰਘਰਸ਼ ਵਾਸਤੇ ਹੋਕਾ ਦਿੱਤਾ। ਪਾਰਟੀ ਦੀ ਲਾਈਨ ਸੀ ਕਿ ਹਥਿਆਰਬੰਦ ਹੋ ਕੇ ਦੇਸ਼ ਵਿਚ ਗ਼ਦਰ ਕਰਾਂਗੇ ਕਿਉਂ ਕਿ ਅੰਗਰੇਜ਼ ਚੁੱਪ ਕਰਕੇ ਦੇਸ਼ ਵਿਚੋਂ ਨਹੀਂ ਜਾਣਗੇ।

ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਵਿਦੇਸ਼ਾਂ ਵਿਚੋਂ ਵੱਖ-ਵੱਖ ਜਹਾਜ਼ਾਂ ਰਾਹੀਂ ਹਿੰਦੋਸਤਾਨ ਪਰਤ ਆਏ ਤੇ ਉਨ੍ਹਾਂ ਨੇ ਪਾਰਟੀ ਦੇ ਸੱਦੇ ਅਨੁਸਾਰ ਹਥਿਆਰਬੰਦ ਸੰਘਰਸ਼ ਰਾਹੀਂ ਆਪਣੀ ਲੜਾਈ ਸ਼ੁਰੂ ਕਰ ਲਈ। ਉਸ ਸਮੇਂ ਦੇ ਹਾਲਾਤ ਅਨੁਸਾਰ ਗ਼ਦਰ ਪਾਰਟੀ ਦੀ ਇਸ ਲਾਈਨ ਦਾ ਜੇਕਰ ਅਸੀਂ ਮੁਤਾਲਿਆ ਕਰੀਏ ਤਾਂ ਇਹ ਲਾਈਨ ਠੀਕ ਸੀ ਕਿਉਂਕਿ ਆਮ ਲੋਕ ਤੇ ਭਾਰਤੀ ਫੌਜੀ ਜਵਾਨਾਂ ਨੂੰ ਨਾਲ ਲੈ ਕੇ ਤੁਰਨ ਨਾਲ ਇਹ ਸੁਪਨਾ ਪੂਰਾ ਹੋ ਸਕਦਾ ਸੀ। ਗ਼ਦਰੀ ਤਾਂ ਆਪਣੇ ਪ੍ਰੋਗਰਾਮ ਅਨੁਸਾਰ ਜੂਝਦੇ ਰਹੇ। ਥੋੜ੍ਹੇ ਸਮੇਂ ਵਿਚ ਗ਼ਦਰ ਪਾਰਟੀ ਨੇ ਸਾਰੀ ਦੁਨੀਆਂ ਵਿਚ ਇਕ ਤੜਥੱਲੀ ਮਚਾ ਦਿੱਤੀ ਸੀ ਪਰ ਹਾਲੇ ਸਾਡੇ ਲੋਕਾਂ ਵਿਚ ਰਾਜਸੀ ਚੇਤੰਨਤਾ ਦੀ ਘਾਟ ਸੀ। ਗ਼ਦਰ ਪਾਰਟੀ ਆਪਣੇ-ਆਪਣੇ ਨਿਸ਼ਾਨੇ ਵੱਲ ਠੀਕ ਸੀ।

# ਅਣਗੌਲੇ ਕੀਤੇ ਗਏ ਗ਼ਦਰੀ ਦੇਸ਼ ਭਗਤ

ਗ਼ਦਰ ਪਾਰਟੀ ਦੀਆਂ ਸਰਗਰਮੀਆਂ ਤੋਂ ਪਹਿਲਾਂ ਭਾਰਤ ਦੀ ਆਜ਼ਾਦੀ ਲਈ 1857 ਈ: ਵਿਚ ਭਾਰਤੀ ਲੋਕਾਂ ਵੱਲੋਂ ਵਿਸ਼ੇਸ਼ ਯੁੱਧ ਲੜਿਆ ਗਿਆ। ਉਸ ਤੋਂ ਬਾਅਦ ਪੰਜਾਬ ਵਿਚ ਕੂਕਾ ਲਹਿਰ ਨੇ ਜਨਮ ਲਿਆ। ਕੂਕਾ ਲਹਿਰ ਨੇ ਅੰਗਰੇਜ਼ਾਂ ਨੂੰ ਡੂੰਘੀ ਤਰ੍ਹਾਂ ਅਹਿਸਾਸ ਕਰਵਾ ਦਿੱਤਾ ਸੀ ਕਿ ਕਿਸੇ ਦੇਸ਼ ਦੇ ਸੱਚੇ ਸਪੂਤ ਕਿਹੋ ਜਿਹੇ ਹੁੰਦੇ ਹਨ। ਕੂਕਾ ਲਹਿਰ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ। ਅੰਗਰੇਜ਼ ਪਹਿਲਾਂ ਨਾਲੋਂ ਵੱਧ ਸੁਚੇਤ ਹੋ ਕੇ ਹੋਰ ਵੀ ਜਬਰ ਜ਼ੁਲਮ ਉੱਤੇ ਉਤਰ ਆਏ। ਭਾਰਤ ਤਾਂ ਉਨ੍ਹਾਂ ਦੀ ਲੁੱਟ ਦੀ ਮੰਡੀ ਬਣ ਚੁੱਕਾ ਸੀ। ਇਸ ਪਿੱਛੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਭਾਰਤ ਦੇ ਸੂਝਵਾਨ ਤੇ ਅਣਖੀਲੇ ਲੋਕਾਂ ਨੇ ਗ਼ਦਰ ਪਾਰਟੀ ਦੀ ਨੀਂਹ ਰੱਖੀ। ਹਥਿਆਰਬੰਦ ਸੰਘਰਸ਼ ਰਾਹੀਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਗ਼ਦਰੀਆਂ ਨੇ ਅਥਾਹ ਕੁਰਬਾਨੀਆਂ ਕੀਤੀਆਂ। ਆਪਣਾ ਸਭ ਕੁਝ ਲੁਟਾ ਲਿਆ।

ਗ਼ਦਰ ਪਾਰਟੀ ਨੇ ਥੋੜ੍ਹੇ ਸਮੇਂ ਵਿਚ ਹੀ ਦੇਸ਼ ਦੀ ਅਜ਼ਾਦੀ ਦੀ ਖਾਤਰ ਦੇਸ਼ ਵਿਚ ਇਕ ਵੱਡਾ ਜਹਾਦ ਛੇੜ ਦਿੱਤਾ। ਇਹ ਬੇਖ਼ੌਫ਼ ਯੋਧੇ ਦੇਸ਼ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਸਨ। ਲੋਕਾਂ ਵਿਚ ਕੰਮ ਕੀਤਾ। ਫੌਜਾਂ ਵਿਚ ਕੰਮ ਕੀਤਾ। ਆਪਣਾ ਸੁਖ ਅਰਾਮ ਤਿਆਗ ਕੇ ਘਰ ਘਾਟ ਵੀ ਭੁੱਲ ਗਏ। ਅੰਗਰੇਜ਼ਾਂ ਦੇ ਉਹ ਕਸ਼ਟ ਝੱਲੇ ਕਿ ਉਨ੍ਹਾਂ ਦੀਆਂ ਕਹਾਣੀਆਂ ਸੁਣ ਕੇ ਰੂਹ ਕੰਬ ਉੱਠਦੀ ਹੈ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਕੈਨੇਡਾ ਸਰਕਾਰ ਨੇ ਹੱਦ ਦਰਜੇ ਦੀ ਸਖ਼ਤੀ ਵਰਤੀ। ਜਬਰਦਸਤੀ ਜਹਾਜ਼ ਹਿੰਦ ਵੱਲ ਮੋੜ ਦਿੱਤਾ। ਕਲਕੱਤੇ ਦੇ ਬਜਬਜ ਘਾਟ ਉੱਤੇ ਨਿਹੱਥੇ ਮੁਸਾਫ਼ਰਾਂ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ।

ਜਹਾਜ਼ ਦੇ ਮੁਸਾਫ਼ਰ ਇਧਰ-ਉਧਰ ਕਈ ਮਹੀਨੇ ਭਟਕਦੇ ਰਹੇ। ਕਸ਼ਟ ਝੱਲਦੇ ਹੋਏ ਤੇ ਭੁੱਖ ਤੇਹ ਦੇ ਸਤਾਏ ਹੋਏ ਉਹ ਮਸਾਂ ਆਪਣੇ ਘਰ ਪਹੁੰਚੇ। ਇਸ ਤੋਂ ਅੱਗੇ ਕਾਮਾਗਾਟਾਮਾਰੂ ਜਹਾਜ਼ ਨੂੰ ਲੈ ਕੇ ਜਾਣ ਵਾਲੇ ਗੁਰਦਿੱਤ ਸਿੰਘ ਸਰਹਾਲੀ ਨਾਲ ਜੋ ਬੀਤੀ ਉਹ ਬੜੀ ਦਰਦਨਾਕ ਗਾਥਾ ਹੈ।

ਅੰਡੇਮਾਨ ਨਿਕੋਬਾਰ ਦੀ ਜੇਲ੍ਹ ਨਰਕ ਦਾ ਘਰ ਸੀ। ਗ਼ਦਰੀ ਦੇਸ਼ ਭਗਤਾਂ ਨੂੰ ਨਾ ਤਾਂ ਚੰਗਾ ਖਾਣਾ ਦਿੱਤਾ ਜਾਂਦਾ ਸੀ ਤੇ ਨਾ ਹੀ ਅਰਾਮ ਕਰਨ ਦਿੱਤਾ ਜਾਂਦਾ ਸੀ। ਮੁਸ਼ੱਕਤ ਭਾਰੀ ਦਿੱਤੀ ਜਾਂਦੀ ਸੀ। ਗ਼ਦਰੀ ਅੱਕ ਕੇ ਭੁੱਖ ਹੜਤਾਲ ਸ਼ੁਰੂ ਕਰ ਦਿੰਦੇ।

# ਉੱਤਮ ਸਿੰਘ ਹਾਂਸ ਨਿਧੜਕ ਯੋਧਾ

ਉੱਤਮ ਸਿੰਘ ਹਾਂਸ ਦੀਆਂ ਰਾਜਸੀ ਸਰਗਰਮੀਆਂ ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਦੇ ਸੰਦਰਭ ਵਿਚ ਰੱਖ ਕੇ ਵਿਚਾਰਨ ਦਾ ਯਤਨ ਕਰੀਏ ਤਾਂ ਉੱਤਮ ਸਿੰਘ ਹਾਂਸ ਦੀ ਸਖਸ਼ੀਅਤ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਕਿ ਉਹ ਮਹਾਨ ਅਜ਼ਾਦੀ ਘੁਲਾਟੀਆ ਸੀ। ਉਹ ਇੱਕ ਅਜਿਹਾ ਨਿਧੜਕ ਯੋਧਾ ਸੀ ਜਿਸ ਨੇ ਦੇਸ਼ ਦੇ ਅਜ਼ਾਦੀ ਸੰਗਰਾਮ ਵਿਚ ਬੇਖੌਫ਼ ਹੋ ਕੇ ਭਾਗ ਲੈਂਦਿਆਂ ਆਪਣਾ ਸਭ ਕੁਝ ਦੇਸ਼ ਉਤੋਂ ਵਾਰ ਦਿੱਤਾ। ਆਪਣੀ ਸੁਖ ਅਰਾਮ ਦੀ ਜ਼ਿੰਦਗੀ ਛੱਡ ਕੇ ਅਜ਼ਾਦੀ ਦਾ ਕਠਨ ਰਾਹ ਚੁਣਿਆ ਪਰ ਉਹ ਡੋਲਿਆ ਨਹੀਂ। ਅਨੇਕਾਂ ਤਸੀਹੇ ਤਾਂ ਜਰ ਲਏ ਪਰ ਆਪਣਾ ਸਿਦਕ ਨਹੀਂ ਛੱਡਿਆ।

ਉੱਤਮ ਸਿੰਘ ਹਾਂਸ ਫਾਂਸੀ ਦੇ ਤਖ਼ਤੇ ਉੱਤੇ ਝੂਲ ਗਿਆ। ਉਸ ਨੇ ਆਪਣੇ ਨਾਂ ਨੂੰ ਤੇ ਆਪਣੇ ਪਿੰਡ ਦੇ ਨਾਂ ਨੂੰ ਲਾਜ ਨਹੀਂ ਲੱਗਣ ਦਿੱਤੀ। ਸਾਡੇ ਲੋਕਾਂ ਦਾ ਫਰਜ਼ ਹੈ ਕਿ ਉੱਤਮ ਸਿੰਘ ਹਾਂਸ ਦੀ ਕੁਰਬਾਨੀ ਨੂੰ ਯਾਦ ਕਰੀਏ ਤੇ ਉਸ ਵੱਲੋਂ ਕੀਤੀਆਂ ਸਰਗਰਮੀਆਂ ਦੇ ਕਿੱਸੇ ਲੋਕਾਂ ਤੱਕ ਪੁੱਜਦੇ ਕਰੀਏ। ਧੰਨ ਸੀ ਉਸ ਦੀ ਮਾਤਾ ਅਜਿਹੇ ਲਾਲ ਨੂੰ ਜਨਮ ਦੇਣ ਵਾਲੀ। ਉੱਤਮ ਸਿੰਘ ਹਾਂਸ ਰਹਿੰਦੀ ਦੁਨੀਆਂ ਤੱਕ ਅਮਰ ਹੈ।

ਗ਼ਦਰੀਆਂ ਉੱਤੇ ਬੈਂਤਾਂ ਨਾਲ ਜ਼ੁਲਮ ਢਾਇਆ ਜਾਂਦਾ। ਨੰਗੇ ਪਿੰਡਿਆਂ ਉੱਤੇ ਬੈਂਤਾਂ ਮਾਰੀਆਂ ਜਾਂਦੀਆਂ। ਬਹੁਤੇ ਗ਼ਦਰੀ ਜੇਲ੍ਹਾਂ ਵਿਚ ਹੀ ਸ਼ਹੀਦ ਹੋ ਗਏ। ਕਈ ਉਮਰ ਕੈਦਾਂ ਕੱਟ ਕੇ ਘਰ ਮੁੜੇ ਪਰ ਉਨ੍ਹਾਂ ਦੇ ਸਰੀਰ ਨਕਾਰਾ ਹੋ ਚੁੱਕੇ ਸਨ।

ਗ਼ਦਰੀਆਂ ਉੱਤੇ ਅੰਗਰੇਜ਼ਾਂ ਨੇ ਜੋ ਮੁਕੱਦਮੇ ਚਲਾਏ ਉਹ ਤਾਂ ਨਾਂ ਦੇ ਹੀ ਮੁਕੱਦਮੇ ਸਨ। ਨਾ ਕੋਈ ਵਕੀਲ ਨਾ ਕੋਈ ਦਲੀਲ, ਜੱਜ ਵੀ ਆਪ। ਵਕੀਲ ਵੀ ਆਪ। ਛੇਤੀਂ ਛੇਤੀਂ ਮੁਕੱਦਮੇ ਚਲਾਏ ਤੇ ਫੈਸਲੇ ਸੁਣਾ ਕੇ ਗ਼ਦਰੀਆਂ ਨੂੰ ਸਖ਼ਤ ਸਜ਼ਾਵਾਂ ਦੇ ਦਿੱਤੀਆਂ। ਕਿਸੇ ਨੂੰ ਫਾਂਸੀ, ਕਿਸੇ ਨੂੰ ਉਮਰ ਕੈਦ, ਕਿਸੇ ਨੂੰ ਜਾਇਦਾਦ ਜ਼ਬਤੀ ਤੇ ਹੋਰ ਸਜ਼ਾ। ਇਤਿਹਾਸ ਗਵਾਹ ਹੈ ਕਿ ਗ਼ਦਰੀ ਆਪਣਾ ਸਭ ਕੁਝ ਦੇਸ਼ ਦੇ ਲੇਖੇ ਲਾ ਗਏ।

ਅੰਗਰੇਜ਼ਾਂ ਨੇ ਗ਼ਦਰ ਪਾਰਟੀ ਨੂੰ ਬੁਰੀ ਤਰ੍ਹਾਂ ਕੁਚਲ ਕੇ ਰੱਖ ਦਿੱਤਾ। ਉਨ੍ਹਾਂ ਦੇ ਘਰ ਤਬਾਹ ਕਰ ਦਿੱਤੇ। ਜ਼ਮੀਨਾਂ ਜਬਤ ਕਰ ਲਈਆਂ। ਗ਼ਦਰ ਪਾਰਟੀ ਤੋਂ ਪਿੱਛੋਂ ਦੇਸ਼ ਵਿਚ ਹੋਰ ਰਾਜਸੀ ਲਹਿਰਾਂ ਉੱਠੀਆਂ। ਇਨਕਲਾਬੀ ਸਰਗਰਮੀਆਂ ਨੇ ਵੀ ਜ਼ੋਰ ਫੜ ਲਿਆ। ਅਖੀਰ ਅੰਗਰੇਜ਼ 15 ਅਗਸਤ 1947 ਨੂੰ ਹਿੰਦੋਸਤਾਨ ਦੀ ਵੰਡ ਕਰਕੇ ਏਥੋਂ ਚਲੇ ਗਏ।

ਬਹੁਤ ਸਾਲ ਬੀਤ ਗਏ। ਗ਼ਦਰ ਪਾਰਟੀ ਵੱਲੋਂ ਹਿੰਦੋਸਤਾਨ ਨੂੰ ਅਜ਼ਾਦ ਕਰਵਾਉਣ ਲਈ ਜੋ ਘਾਲਣਾ ਘਾਲੀ ਗਈ ਉਸ ਦਾ ਬਹੁਤ ਮੁੱਲ ਨਹੀਂ ਪਾਇਆ ਗਿਆ। ਗ਼ਦਰ ਪਾਰਟੀ ਦੀਆਂ ਰਾਜਨੀਤਕ ਸਰਗਰਮੀਅ ਦਾ ਦੇਸ਼ ਦੇ ਅਜ਼ਾਦੀ ਸੰਗਰਾਮ ਵਿਚ ਮਹੱਤਵਪੂਰਨ ਸਥਾਨ ਹੈ। ਕਿੰਨੇ ਹੀ ਵਰ੍ਹੇ ਇਸ ਨੂੰ ਅਣਗੌਲਿਆ ਹੀ ਕੀਤਾ ਗਿਆ। ਗ਼ਦਰੀ ਦੇਸ਼ ਭਗਤ ਹਿੰਦੋਸਤਾਨ ਦੇ ਅਜ਼ਾਦੀ ਸੰਗਰਾਮ ਦੇ ਮਹਾਂਨਾਇਕ ਹਨ। ਇਨ੍ਹਾਂ ਨੂੰ ਯਾਦ ਕਰਨਾ ਦੇਸ਼ ਦਾ ਅਸਲੀ ਇਤਿਹਾਸ ਯਾਦ ਕਰਨਾ ਹੈ। ਗ਼ਦਰੀ ਦੇਸ਼ ਭਗਤਾਂ ਦੇ ਪਰਿਵਾਰ ਰੁਲ ਗਏ। ਉਨ੍ਹਾਂ ਪਰਿਵਾਰਾਂ ਦੀ ਸਾਰ ਲੈਣਾ ਦੇਸ਼ ਦੇ ਲੋਕਾਂ ਦਾ ਫਰਜ਼ ਬਣਦਾ ਹੈ। ਗ਼ਦਰੀਆਂ ਦੇ ਪਰਿਵਾਰਾਂ ਨੂੰ ਹਰ ਹਾਲਤ ਵਿਚ ਕੋਈ ਮਾਇਕ ਸਹਾਇਤਾ ਜਾਂ ਲੋੜ ਅਨੁਸਾਰ ਪੈਨਸ਼ਨ ਲੱਗਣੀ ਚਾਹੀਦੀ ਸੀ। ਗ਼ਦਰੀ ਦੇਸ਼ ਭਗਤਾਂ ਦੀਆਂ ਜੀਵਨ ਕਥਾਵਾਂ ਸਕੂਲਾਂ ਤੇ ਕਾਲਜਾਂ ਦੀਆਂ ਪਾਠ-ਪੁਸਤਕਾਂ ਵਿਚ ਲੱਗਣੀਆਂ ਜ਼ਰੂਰੀ ਸਨ ਤਾਂ ਕਿ ਨਵੀਂ ਪੀੜ੍ਹੀ ਆਪਣੇ ਪੁਰਖਿਆਂ ਦੇ ਇਤਿਹਾਸ ਤੋਂ ਜਾਣੂ ਹੋ ਸਕੇ ਪਰ ਸਮੇਂ ਦੀਆਂ ਸਰਕਾਰਾਂ ਨੇ ਗ਼ਦਰੀ ਦੇਸ਼ ਭਗਤਾਂ ਦਾ ਸਹੀ ਮੁੱਲ ਨਹੀਂ ਪਾਇਆ।

# ਸ਼ਹੀਦ ਨੂੰ ਨਹੀਂ ਭੁਲਾਇਆ ਪਿੰਡ ਦੇ ਲੋਕਾਂ ਨੇ

ਸ਼ਹੀਦ ਉੱਤਮ ਸਿੰਘ ਹਾਂਸ ਦੇਸ਼ ਦੀ ਖਾਤਰ ਹੱਸਦਾ-ਹੱਸਦਾ ਫਾਂਸੀ ਉੱਤੇ ਝੂਲ ਗਿਆ ਪਰ ਉਸ ਦੇ ਪਿੰਡ ਹਾਂਸ ਕਲਾਂ ਦੇ ਲੋਕਾਂ ਨੇ ਸ਼ਹੀਦ ਨੂੰ ਹਮੇਸ਼ਾਂ ਚੇਤੇ ਰੱਖਿਆ। ਉੱਤਮ ਸਿੰਘ ਦੀਆਂ ਘਰ ਘਰ ਗੱਲਾਂ ਹੁੰਦੀਆਂ। ਲੋਕ ਉਸ ਦੀ ਕੁਰਬਾਨੀ ਨੂੰ ਯਾਦ ਕਰਦੇ ਜਿਸ ਨੇ ਆਪਣੇ ਪਿੰਡ ਦਾ ਨਾਂ ਸਾਰੀ ਦੁਨੀਆਂ ਵਿਚ ਚਮਕਾ ਦਿੱਤਾ। ਰਹਿੰਦੀ ਦੁਨੀਆਂ ਤੱਕ ਹਾਂਸ ਕਲਾਂ ਦਾ ਨਾਂ ਲੋਕਾਂ ਦੇ ਚੇਤਿਆਂ ਵਿਚ ਵੱਸਦਾ ਰਹੇਗਾ।

ਸਮਾਂ ਆਪਣੀ ਤੋਰੇ ਤੁਰਦਾ ਗਿਆ। ਪਿੰਡ ਵਾਸੀ ਜਿਥੇ ਉੱਤਮ ਸਿੰਘ ਨੂੰ ਯਾਦ ਕਰਦੇ ਉਥੇ ਇਹ ਵੀ ਵਿਚਾਰਾਂ ਕਰਦੇ ਕਿ ਇਸ ਮਹਾਨ ਸ਼ਹੀਦ ਦੀ ਕੋਈ ਯਾਦਗਾਰ ਪਿੰਡ ਵਿਚ ਜ਼ਰੂਰ ਬਣਨੀ ਚਾਹੀਦੀ ਹੈ। ਅਖੀਰ 1976 ਵਿਚ ਪਿੰਡ ਦੇ ਕੁਝ ਲੋਕ ਇਕੱਠੇ ਹੋਏ। ਕਰਨੈਲ ਸਿੰਘ, ਕਿਰਪਾਲ ਸਿੰਘ, ਜੰਗੀਰ ਸਿੰਘ, ਨਰੰਜਣ ਸਿੰਘ, ਸੁਦਾਗਰ ਸਿੰਘ, ਮੱਘਰ ਸਿੰਘ ਤੇ ਹੋਰ ਸੱਜਣਾ ਨੇ ਇਕੱਠੇ ਹੋ ਕੇ ਪਿੰਡ ਅੱਗੇ ਉੱਤਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਦੀ ਗੱਲ ਰੱਖੀ। ਪਿੰਡ ਵਾਸੀਆਂ ਨੇ ਚੰਗਾ ਹੁੰਗਾਰਾ ਭਰਿਆ। ਸ਼ਹੀਦੀ ਦਿਹਾੜਾ ਮਨਾਉਣ ਦੀ ਸ਼ੁਰੂਆਤ ਹੋ ਗਈ। ਸ਼ਹੀਦੀ ਦਿਨ ਉੱਤੇ ਉੱਤਮ ਸਿੰਘ ਨੂੰ ਯਾਦ ਕੀਤਾ ਜਾਂਦਾ। ਪਿੰਡ ਵਿਚ ਇਕ ਕਮਰਾ ਬਣਾ ਕੇ ਉੱਤਮ ਸਿੰਘ ਦੀ ਯਾਦ ਵਿਚ ਲਾਇਬ੍ਰੇਰੀ ਕਾਇਮ ਕਰ ਦਿੱਤੀ।

ਸਮੇਂ ਨਾਲ ਪਿੰਡ ਵਾਸੀਆਂ ਨੇ ਉੱਤਮ ਸਿੰਘ ਦੀ ਯਾਦਗਾਰ ਬਨਾਉਣ ਵੱਲ ਵਧੇਰੇ ਧਿਆਨ ਦਿੱਤਾ। ਉੱਤਮ ਸਿੰਘ ਦਾ ਸ਼ਾਨਦਾਰ ਬੁੱਤ ਤਿਆਰ ਕਰਵਾ ਕੇ ਲਾਇਆ ਗਿਆ। ਲੋਕਾਂ ਨੇ ਕਮੇਟੀ ਨੂੰ ਦਾਨ ਵੀ ਦਿੱਤਾ। ਸਮੇਂ ਨਾਲ ਨੌਜਵਾਨ ਵੀ ਜਾਗਰੂਕ ਹੋਏ, ਪਿੰਡ ਵਿਚ ਨੌਜਵਾਨ ਸਭਾ ਕਾਇਮ ਹੋਈ ਜਿਸ ਨੇ ਪਿੰਡ ਵਿਚ ਲੋਕ ਭਲਾਈ ਦੇ ਕੰਮਾਂ ਵੱਲ ਹੋਰ ਵੀ ਧਿਆਨ ਦੇਣਾ ਸ਼ੁਰੂ ਕੀਤਾ। ਇਸ ਦੇ ਨਾਲ ਉੱਤਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਪਿੰਡ ਵਾਸੀਆਂ ਦੇ ਦਿਲਾਂ ਵਿਚ ਨਵਾਂ ਉਤਸ਼ਾਹ ਪੈਦਾ ਹੋਇਆ। ਸ਼ਹੀਦੀ ਦਿਹਾੜੇ ਉਤੇ ਢਾਡੀ, ਕਵੀਸ਼ਰ ਤੇ ਵਿਦਵਾਨ ਸੱਜਣ ਬੁਲਾਏ ਜਾਂਦੇ। ਡਾ. ਸੁਰਜੀਤ ਸਿੰਘ, ਮੋਹਣ ਸਿੰਘ, ਬਲਦੇਵ ਸਿੰਘ, ਹਰਨੇਕ ਸਿੰਘ, ਜਗਤਾਰ ਸਿੰਘ, ਜੰਗੀਰ ਸਿੰਘ ਤੇ ਭੋਲਾ ਸਿੰਘ ਤੋਂ ਬਿਨਾਂ ਹੋਰ ਵੀ 60 ਦੇ ਲਗਭਗ ਮੈਂਬਰ ਸਨ ਜਿਨ੍ਹਾਂ ਨੇ ਕਾਫੀ ਸਮਾਂ ਬਹੁਤ ਵਧੀਆ ਕੰਮ ਕੀਤਾ।

ਸਮਾਂ ਚੱਲਦਾ ਰਹਿੰਦਾ ਹੈ। ਕਿਸੇ ਚੰਗੇ ਕੰਮ ਲਈ ਜਾਗ ਲੱਗ ਜਾਵੇ ਤਾਂ ਹੌਲੀ-

ਹੌਲੀ ਹੋਰ ਵੀ ਸੁਹਿਰਦ ਵਿਅਕਤੀ ਜਾਗ ਉੱਠਦੇ ਹਨ। ਉੱਤਮ ਸਿੰਘ ਦੀ ਯਾਦਗਾਰ ਨੂੰ ਵਧੀਆ ਬਣਾਉਣ ਲਈ ਪਿੰਡ ਵਾਸੀ ਅੱਗੇ ਆਏ। ਨਵੀਆਂ ਸਕੀਮਾਂ ਬਣੀਆਂ। ਯਾਦਗਾਰ ਵਾਲੀ ਜਗ੍ਹਾ ਦੀ ਪਿੰਡ ਦੀ ਪੰਚਾਇਤ ਵੱਲੋਂ ਉੱਤਮ ਸਿੰਘ ਦੇ ਨਾਮ ਉੱਤੇ ਰਜਿਸਟਰੀ ਕਰਵਾ ਦਿੱਤੀ। ਨਵੀਂ ਕਮੇਟੀ ਦੇ ਮੈਂਬਰਾਂ ਨੇ ਦਿਲ ਖੋਲ੍ਹ ਕੇ ਦਾਨ ਦਿੱਤਾ। ਵੀਹ-ਵੀਹ ਤੋਂ ਇੱਕੀ-ਇੱਕੀ ਹਜ਼ਾਰ ਰੁਪਏ ਦੇ ਕੇ ਮੈਂਬਰਾਂ ਨੇ ਉੱਤਮ ਸਿੰਘ ਨੂੰ ਦਿਲੋਂ ਯਾਦ ਕੀਤਾ। ਜਗਤਾਰ ਸਿੰਘ ਨੇ ਵੀ ਗਿਆਰਾਂ ਹਜ਼ਾਰ ਰੁਪਏ ਦਾ ਦਾਨ ਦਿੱਤਾ।

ਅਵਤਾਰ ਸਿੰਘ ਪੰਚ, ਲੰਬੜਦਾਰ ਸਰਵਣ ਸਿੰਘ ਤੇ ਹੋਰ ਮੈਂਬਰਾਂ ਨੇ ਉਤਸ਼ਾਹ ਨਾਲ ਕੰਮ ਕੀਤਾ। ਪ੍ਰਿੰਸੀਪਲ ਗੁਰਮੇਲ ਸਿੰਘ, ਕੈਪਟਨ ਗੁਰਮੇਲ ਸਿੰਘ, ਅਵਤਾਰ ਸਿੰਘ ਪੰਚ, ਮਾਸਟਰ ਸਾਧੂ ਸਿੰਘ, ਅਜੈਬ ਸਿੰਘ, ਜਗਤਾਰ ਸਿੰਘ, ਜਰਨੈਲ ਸਿੰਘ, ਜੁਗਿੰਦਰ ਸਿੰਘ, ਮੁਖਤਿਆਰ ਸਿੰਘ, ਮੱਘਰ ਸਿੰਘ, ਧਰਮਪਾਲ ਸਿੰਘ ਬੀ.ਪੀ.ਈ.ਓ., ਅਜੈਬ ਸਿੰਘ, ਬਲਦੇਵ ਕੌਰ ਸਪੁੱਤਰੀ ਅਰਜਣ ਜਗਰਾਉਂ ਨੇ ਕਮੇਟੀ ਨੂੰ ਹਮੇਸ਼ਾਂ ਭਰਵਾਂ ਸਹਿਯੋਗ ਦਿੱਤਾ। ਮਾਸਟਰ ਸਾਧੂ ਸਿੰਘ ਵਡੇਰੀ ਉਮਰ ਹੋਣ ਦੇ ਬਾਵਜੂਦ ਅੱਗੇ ਹੋ ਕੇ ਤੁਰਦਾ ਹੈ। ਕਮੇਟੀ ਦੀ ਖਾਸ ਗੱਲ ਇਹ ਕਿ ਕਮੇਟੀ ਵਿਚ ਸੇਵਾ ਭਾਵਨਾ ਨੂੰ ਪਹਿਲ ਦਿੱਤੀ ਜਾਂਦੀ ਹੈ।

ਅੱਜਕੱਲ੍ਹ ਸ਼ਹੀਦ ਉੱਤਮ ਸਿੰਘ ਦੀ ਯਾਦਗਾਰ ਵੇਖਣਯੋਗ ਹੈ। ਇਕ ਵਧੀਆ ਲਾਇਬ੍ਰੇਰੀ ਹੈ ਜਿਸ ਨੂੰ ਵਧੀਆ ਢੰਗ ਨਾਲ ਚਲਾਇਆ ਜਾਂਦਾ ਹੈ। ਦੇਸ਼ ਭਗਤਾਂ ਦੀਆਂ ਤਸਵੀਰਾਂ ਸਜਾ ਕੇ ਲਾਈਆਂ ਹਨ। ਉੱਤਮ ਸਿੰਘ ਦੇ ਬੁੱਤ ਨੂੰ ਸ਼ਿੰਗਾਰ ਕੇ ਲਾਇਆ ਗਿਆ ਹੈ। ਚਾਰਦੀਵਾਰੀ ਕੀਤੀ ਗਈ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਵੱਲੋਂ ਵੀ ਯਾਦਗਾਰ ਕਮੇਟੀ ਨੂੰ ਹਮੇਸ਼ਾ ਭਰਵਾਂ ਸਹਿਯੋਗ ਮਿਲਿਆ ਹੈ। ਸ਼ਹੀਦ ਉਤਮ ਸਿੰਘ ਹਾਂਸ ਦਾ ਆਦਮ ਕੱਦ ਬੁੱਤ ਵੇਖਣ ਵਾਲਿਆਂ ਨੂੰ ਕੋਈ ਨਵਾਂ ਸੁਨੇਹਾ ਦੇ ਰਿਹਾ ਹੈ। ਉੱਤਮ ਸਿੰਘ ਹਾਂਸ ਲੋਕਾਂ ਦੇ ਚੇਤਿਆਂ ਵਿਚ ਵੱਸਦਾ ਹੈ।



**ਲੇਖਕ**

ਹਰੀ ਸਿੰਘ ਢੁੱਡੀਕੇ ਕਿੱਤੇ ਵਜੋਂ ਅਧਿਆਪਨ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਹਨ। ਉਸ ਨੂੰ ਮਾਲਵੇ ਦੀ ਉਸ ਧਰਤੀ 'ਤੇ ਪੈਦਾ ਹੋਣ ਦਾ ਮਾਣ ਹੈ ਜਿੱਥੇ ਅਣਗਿਣਤ ਦੇਸ਼ ਭਗਤ ਗ਼ਦਰੀ ਬਾਬੇ ਪੈਦਾ ਹੋਏ ਹਨ, ਉਹ ਪਿੰਡ ਹੈ ਢੁੱਡੀਕੇ, ਜ਼ਿਲ੍ਹਾ ਮੋਗਾ।

ਹਰੀ ਸਿੰਘ ਦੇ ਨਾਵਲ ਲਿਖਣ ਦੀ ਵਿਧਾ ਪਾਠਕ ਨੂੰ ਕੀਲ ਕੇ ਰੱਖ ਲੈਂਦੀ ਹੈ। ਉਸਨੇ ਆਪਣੀ ਲੇਖਣੀ ਰਾਹੀਂ ਅਨੇਕਾਂ ਗ਼ਦਰੀ ਬਾਬਿਆਂ ਦੀਆਂ ਜੀਵਨੀਆਂ ਨੂੰ ਆਧਾਰ ਬਣਾਇਆ ਹੈ ਜਿਨ੍ਹਾਂ ਵਿਚ ਪ੍ਰਮੁੱਖ ਹਨ: ਗ਼ਦਰੀ ਸੂਰਬੀਰ, ਜੀਵਨ ਸੰਗਰਾਮ ਗ਼ਦਰੀ ਬਾਬਾ ਪਾਲਾ ਸਿੰਘ ਢੁੱਡੀਕੇ (ਜੀਵਨੀ), ਮ਼ਹਿੰਗੇ ਮੁੱਲ ਦਾ ਮੋਤੀ, ਗ਼ਦਰੀ ਗੁਲਾਬ ਕੌਰ, ਓਛਾ ਜਨਮੁ ਹਮਾਰਾ, ਗ਼ਦਰ ਦਾ ਸਿਰਨਾਵਾਂ ਸ਼ਹੀਦ ਕਰਤਾਰ ਸਿੰਘ ਸਰਾਭਾ, ਇਤਿਹਾਸਕ ਪਿੰਡ ਢੁੱਡੀਕੇ।

ਉਪਰੋਕਤ ਤੋਂ ਇਲਾਵਾ ਕੰਡੇਦਾਰ ਝਾੜੀਆਂ, ਸ਼ੂਕਦਾ ਦਰਿਆ, ਜ਼ਿੰਦਗੀ ਜਿਉਣਾ ਲੋੜਦੀ ਹੈ ਰਾਹੀਂ ਸਮਾਜ ਅੰਦਰ ਵਾਪਰਦੀਆਂ ਘਟਨਾਵਾਂ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ। ਬੱਚਿਆਂ ਲਈ 'ਹਿੰਮਤੀ ਬੱਚੇ' ਲਿਖਕੇ ਉਹ ਬਾਲ ਪਾਠਕਾਂ ਦਾ ਵੀ ਚਹੇਤਾ ਬਣ ਗਿਆ ਹੈ।

ਹੁਣ ਉਸਨੇ ਬਾਬਾ ਉੱਤਮ ਸਿੰਘ ਹਾਂਸ ਦੀ ਜ਼ਿੰਦਗੀ ਲਿਖਕੇ ਪੁਖਤਾ ਸਬੂਤ ਦਿੱਤਾ ਹੈ ਉਸਦੀ ਲੇਖਣੀ ਹਮੇਸ਼ਾਂ ਦੇਸ਼ ਭਗਤਾਂ ਦੀਆਂ ਨੂੰ ਹੀ ਪ੍ਰਣਾਈ ਹੋਈ ਹੈ।

ਸੋ ਪੜ੍ਹੋ ਬਾਬਾ ਉੱਤਮ ਸਿੰਘ ਹਾਂਸ ਦੀ ਜੀਵਨੀ।

*-ਪ੍ਰਕਾਸ਼ਕ*

5 ਆਬ Parkashan, Jalandhar

*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*

₹ 100